MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver

ਕੈਨੇਡਾ

# ਪੰਜਾਬ ਲਿੰਕ

WEEKLY NEWSPAPER VOL. : 11 ISSUE : 17 SATURDAY, 29 APRIL, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਫੈਡਰਲ ਵਰਕਰਜ ਯੂਨੀਅਨ ਦੀ ਹੜਤਾਲ ਜਾਰੀ

## ਟਰੂਡੋ ਨੂੰ ਸਮਝੌਤਾ ਗੱਲਬਾਤ ਵਿਚ ਸਿੱਧੇ ਤੌਰ 'ਤੇ ਸ਼ਾਮਿਲ ਹੋਣ ਦੀ ਅਪੀਲ

### ਮੁਲਾਜ਼ਮ 13.5 ਪ੍ਰਤੀਸ਼ਤ ਤਨਖਾਹ ਵਾਧੇ ਲਈ ਬਜਿਦ



ਓਟਵਾ-ਇਕ ਲੱਖ ਤੋਂ ਵੀ ਜ਼ਿਆਦਾ ਫੈਡਰਲ ਮੁਲਾਜ਼ਮਾਂ ਦੀ ਪ੍ਰਤੀਨਿਧਤਾ ਕਰਦੀ ਯੂਨੀਅਨ ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ ਦੇ ਨੇਤਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸਮਝੌਤਾ ਗੱਲਬਾਤ ਵਿਚ ਸਿੱਧੇ ਸ਼ਾਮਿਲ ਹੋਣ ਦੀ ਅਪੀਲ ਕਰ ਰਹੇ ਹਨ ਜਦਕਿ ਲਗਦਾ ਹੈ ਕਿ ਪਿਛਲੇ 24 ਘੰਟਿਆਂ ਦੌਰਾਨ ਗੱਲਬਾਤ ਰੁਕੀ ਰਹੀ ਹੈ। ਪੀਐਸਏਸੀ ਦੇ ਪ੍ਰਧਾਨ ਕ੍ਰਿਸ ਆਇਲਵਰਡ ਨੇ ਬੁੱਧਵਾਰ ਬਾਅਦ ਦੁਪਹਿਰ ਮੀਡੀਆ ਨੂੰ ਦੱਸਿਆ ਕਿ ਸਰਕਾਰ ਤਿੰਨ ਸਾਲਾਂ ਦੇ ਸਮੇਂ ਵਿਚ ਤਨਖਾਹ ਵਿਚ 9 ਫ਼ੀਸਦੀ ਵਾਧੇ ਦੀ ਪੇਸ਼ਕਸ਼ ਤੋਂ ਪਿੱਛੇ ਹਟਣ ਤੋਂ ਇਨਕਾਰ ਕਰਕੇ ਸੌਦੇਬਾਜ਼ੀ ਨੂੰ ਰੋਕ ਰਹੀ ਹੈ ਅਤੇ ਇਕ ਹਫ਼ਤਾ ਪਹਿਲਾਂ ਜਦੋਂ ਹੜਤਾਲ ਸ਼ੁਰੂ ਹੋਈ ਸੀ ਤਾਂ ਉਸ ਸਮੇਂ ਵੀ ਯੂਨੀਅਨ ਨੂੰ ਇਹੀ ਪੇਸ਼ਕਸ਼ ਕੀਤੀ ਗਈ ਸੀ। ਰਾਤ 7 ਵਜੇ ਦੇ ਕਰੀਬ ਰੋਜ਼ਗਾਰਦਾਤਾ ਨੇ ਸਾਡੀ ਸੌਦੇਬਾਜ਼ੀ ਟੀਮ ਨੂੰ ਇਕ ਈ-ਮੇਲ ਭੇਜ ਕੇ ਕਿਹਾ ਕਿ ਉਹ ਆਪਣੇ ਪੱਖ ਤੋਂ ਕਾਇਮ ਹੈ। ਉਹ ਸਾਨੂੰ ਕਹਿ ਰਹੇ ਹਨ ਕਿ ਤੁਹਾਨੂੰ ਅੱਗੇ ਆਉਣਾ ਪਵੇਗਾ। ਇਸ ਤਰ੍ਹਾਂ ਸੌਦੇਬਾਜ਼ੀ ਨਹੀਂ ਹੁੰਦੀ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਟਰੂਡੋ ਸੌਦੇਬਾਜ਼ੀ ਵਿਚ ਸਿੱਧੇ ਸ਼ਾਮਿਲ ਹੁੰਦੇ ਹਨ ਤਾਂ ਵਿਵਾਦ ਨੂੰ ਹੱਲ ਕਰਨ ਵਿਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਇਸ ਨੂੰ ਹੱਲ ਕਰਨ ਲਈ ਸ਼ਾਮਿਲ ਹੋ ਸਕਦੇ ਹਾਂ ਜਾਂ ਹੜਤਾਲ ਕਰ ਰਹੇ ਮੁਲਾਜ਼ਮਾਂ ਦਾ ਸਮਰਥਨ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ 'ਤੇ ਨਿਰਭਰ ਕਰਦਾ ਹੈ ਕਿ ਉਹ ਟਰੱਜ਼ਰੀ ਬੋਰਡ ਲਈ ਨਵਾਂ ਆਦੇਸ਼ ਲਿਆਉਣ ਜਿਹੜਾ ਯੂਨੀਅਨ ਨੂੰ ਉੱਚੀ ਤਨਖਾਹ ਦੀ ਪੇਸ਼ਕਸ਼ ਕਰਨ ਦੀ ਇਜਾਜ਼ਤ ਦੇਵੇ। ਜੇਕਰ ਟਰੱਜ਼ਰੀ ਬੋਰਡ ਕਹਿ ਰਿਹਾ ਕਿ ਉਹ ਉੱਚੀਆਂ ਤਨਖਾਹਾਂ ਨਹੀਂ ਦੇ ਸਕਦੇ ਤਾਂ ਉਨ੍ਹਾਂ ਨੂੰ ਨਵੇਂ ਆਦੇਸ਼ ਦੀ ਲੋੜ ਹੈ। ਪ੍ਰਧਾਨ ਮੰਤਰੀ ਟਰੂਡੋ ਤੁਸੀਂ ਉਨ੍ਹਾਂ ਨੂੰ ਨਵਾਂ ਆਦੇਸ਼ ਦੇ ਸਕਦੇ ਹੋ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੱਜ਼ਰੀ ਬੋਰਡ ਦੀ ਪ੍ਰਧਾਨ ਮੋਨਾ ਫੋਰਟੀਅਰ ਨੇ ਯੂਨੀਅਨ ਦੀਆਂ ਗੈਰਵਾਜਬ ਮੰਗਾ ਅਤੇ ਪਹੁੰਚ ਤੋਂ ਬਾਹਰ ਮੰਗਾਂ 'ਤੇ ਨਿਰਾਸ਼ਾ ਜ਼ਾਹਿਰ ਕੀਤੀ ਹੈ।

(ਬਾਕੀ ਸਫ਼ਾ 5 'ਤੇ)

For All Kind of Real Estate Needs
ਕਾਂਡੀਆਂ, ਟਾਊਨਹਾਊਸ ਅਤੇ ਜ਼ਮੀਨਾਂ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰ੍ਹਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
778-723-6900

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
-Complete Denture
-Implant Denture
-Partial Denture
-Reline, Rebase
-Emergency Repair
-Mouth / Night Guard
Open Seven Days | Care Home Mobile Service
Abbotsford Location Opening on March 15th
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600-0811, Gagan@DenturistBC.com
Address - 13117, 67A Ave, Surrey, BC

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
ad AMANDEEP DUGGAL MORTGAGE BROKER
A Better Way
604-368-2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

RR Renovation
- Full House Renovation
- Basement Renovation
- Washroom Renovation
- Kitchen Renovation
- Flooring= Tiles/ Laminate
All Framing/ Sundeck
Plumbing
Siding
Electric
Paint
Drywall
FREE Estimate
Quality Work
Ravinder Rana 236 632 2116
Sandeep Singh-778 317 2200
ravinders141991@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas and Associates
People involved in a dispute or injury need strong, experienced representation. As a legal team with over 50 years' experience
We're raising the bar.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
"Throughout the legal procedure, Simpson, Thomas & Associates have been clear, compassionate and efficient. The firm offers services in different languages which is helpful to my parents who are not familiar with Canadian laws."
– Hannah St
BBB ACCREDITED BUSINESS
We have translators fluent in Hindi, Punjabi, and Gujarati.
Reach out for a legal consultation.
604 229 6448
simpsonthomas.com
701-13761 96th Avenue, Surrey, BC V3V 0E8
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL.: 11 ISSUE: 17 SATURDAY, 29 APRIL, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
ਤਿੰਨ ਰੰਗ
7pm to 10pm
B.C. Time Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

# ਭਾਰਤ ਦੇ ਸਭ ਤੋਂ ਬਜ਼ੁਰਗ ਸਿਆਸਤਦਾਨ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ

## ਪਿੰਡ ਬਾਦਲ ਵਿਚ ਦੇਸ਼ ਭਰ ਦੇ ਵੱਡੇ ਆਗੂ ਤੇ ਹਜ਼ਾਰਾਂ ਲੋਕ ਅੰਤਿਮ ਯਾਤਰਾ ਵਿਚ ਹੋਏ ਸ਼ਾਮਿਲ



ਲੰਬੀ-ਦੇਸ਼ ਦੇ ਸਭ ਤੋਂ ਉਮਰਦਰਾਜ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਜ਼ਿੰਦਗੀ ਦਾ ਇਤਿਹਾਸਕ ਅਤੇ ਬੇਮਿਸਾਲ ਸਫ਼ਰ ਮੁਕਾ ਕੇ ਪੰਜ ਤੱਤਾਂ ਵਿੱਚ ਵਿਲੀਨ ਹੋ ਗਏ। ਪੰਜ ਵਾਰ ਦੇ ਮੁੱਖ ਮੰਤਰੀ ਦਾ ਬੇਹੱਦ ਗਮਗੀਨ ਮਾਹੌਲ ਵਿੱਚ ਪੂਰੇ ਸਰਕਾਰੀ ਸਨਮਾਨਾਂ ਨਾਲ ਇਥੇ ਉਨ੍ਹਾਂ ਦੇ ਬਾਗ 'ਚ ਵਿਸ਼ੇਸ਼ ਤੌਰ 'ਤੇ ਬਣਾਈ ਗਈ ਥਾਂ 'ਤੇ ਅੰਤਿਮ ਸੰਸਕਾਰ ਕੀਤਾ ਗਿਆ। ਮਰਹੂਮ ਬਾਦਲ ਦੇ ਮਹਿਲਾ ਸ਼ਕਤੀਕਰਨ ਪ੍ਰਤੀ ਜ਼ਿੰਦਗੀ ਭਰ ਦੇ ਉਪਰਾਲਿਆਂ ਨੂੰ ਸੱਚੀ ਸ਼ਰਧਾਂਜਲੀ ਦੇਣ ਲਈ ਤਿੰਨੋਂ ਪੋਤਰੀਆਂ ਹਰਕੀਰਤ ਬਾਦਲ, ਗੁਰਲੀਨ ਬਾਦਲ ਅਤੇ ਰੀਆ ਬਾਦਲ ਨੇ ਉਨ੍ਹਾਂ ਦੀ ਚਿਖਾ ਨੂੰ ਪਹਿਲੀ ਅਗਨੀ ਦਿੱਤੀ। ਇਸ ਮਗਰੋਂ ਸੁਖਬੀਰ ਸਿੰਘ ਬਾਦਲ, ਮਨਪ੍ਰੀਤ ਸਿੰਘ ਬਾਦਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਅਰਜੁਨ ਬਾਦਲ ਅਤੇ ਅਨੰਤਬੀਰ ਬਾਦਲ ਨੇ ਪੁੱਤਰਾਂ-ਪੋਤਰਿਆਂ ਵਾਲੇ ਫਰਜ਼ ਨਿਭਾਏ। ਇਸ ਮੌਕੇ ਮਹੇਸ਼ਇੰਦਰ ਸਿੰਘ ਬਾਦਲ, ਹਰਸਿਮਰਤ ਕੌਰ ਬਾਦਲ, ਵੀਨੂੰ ਬਾਦਲ, ਬਿਕਰਮ ਸਿੰਘ ਮਜੀਠੀਆ, ਮੇਜਰ ਭੁਪਿੰਦਰ ਸਿੰਘ ਬਾਦਲ, ਲਾਲੀ ਬਾਦਲ ਤੇ ਗਨੀਵ ਕੌਰ ਮਜੀਠੀਆ ਵੀ ਮੌਜੂਦ ਸਨ।ਇਸ ਤੋਂ ਪਹਿਲਾਂ ਸ੍ਰੀ ਬਾਦਲ ਦੀ ਦੇਹ ਨੂੰ ਸ੍ਰੀ ਮੁਕਤਸਰ ਸਾਹਿਬ ਦੀ ਜ਼ਿਲ੍ਹਾ ਪੁਲੀਸ ਵੱਲੋਂ ਐੱਸ ਪੀ (ਐਚ) ਦੀ ਅਗਵਾਈ ਹੇਠ ਤਿਰੰਗੇ 'ਚ ਲਪੇਟਿਆ ਗਿਆ। ਸ੍ਰੀ ਬਾਦਲ ਦੇ ਅੰਤਿਮ ਦਰਸ਼ਨਾਂ ਲਈ ਉਨ੍ਹਾਂ ਦੀ ਰਿਹਾਇਸ਼ 'ਤੇ ਲੋਕਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਰਹੀਆਂ। ਲੋਕਾਂ ਦੀ ਭੀੜ ਅੱਗੇ ਪੁਲੀਸ ਦੇ ਪੁਖ਼ਤਾ ਪ੍ਰਬੰਧ ਵੀ ਮੱਠੇ ਪੈਂਦੇ ਨਜ਼ਰ ਆਏ। ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਸਮੇਤ ਸਾਰਾ ਪਰਿਵਾਰ ਬੇਹੱਦ ਭਾਵੁਕ ਸੀ। ਪਰਿਵਾਰ ਨਾਲ ਦੁੱਖ ਵੰਡਾਉਣ ਅਤੇ ਉਨ੍ਹਾਂ ਦੇ ਅੰਤਿਮ ਦਰਸ਼ਨਾਂ ਲਈ ਆਇਆ ਹਰੇਕ ਵਿਅਕਤੀ ਪ੍ਰਕਾਸ਼ ਸਿੰਘ ਬਾਦਲ ਦੀ ਹਲੀਮੀ ਅਤੇ ਉਨ੍ਹਾਂ ਵੱਲੋਂ ਕੀਤੇ ਗਏ ਕਾਰਜਾਂ ਦੀ ਸ਼ਲਾਘਾ ਕਰਦਾ ਨਜ਼ਰ ਆਇਆ। ਸ ਬਾਦਲ ਦੇ ਸਭ ਤੋਂ ਨਜ਼ਦੀਕੀ ਦੋਸਤਾਂ 'ਚੋਂ ਇਕ ਉੱਘੇ ਪੱਤਰਕਾਰ ਬਰਜਿੰਦਰ ਸਿੰਘ ਹਮਦਰਦ ਵੀ ਸੁਖਬੀਰ ਬਾਦਲ ਦੇ ਨਾਲ ਗਲੇ ਲੱਗ ਕੇ ਭਾਵੁਕ ਹੋ ਗਏ। ਅੰਤਿਮ ਸੰਸਕਾਰ ਤੋਂ ਪਹਿਲਾਂ ਜਲੰਧਰ ਪੁਲੀਸ ਦੇ ਬੈਂਡ ਵੱਲੋਂ ਮਾਤਮੀ ਧੁਨਾਂ ਅਤੇ ਸਪੈਸ਼ਲ ਗਾਰਦ ਵੱਲੋਂ ਸਲਾਮੀ ਦਿੱਤੀ ਗਈ। ਸ ਬਾਦਲ ਦੀ ਸਾਂਭ-ਸੰਭਾਲ ਵਾਲੇ ਸਟਾਫ਼, ਐੱਨਐੱਸਜੀ ਅਤੇ ਰਸੋਈਏ ਤੱਕ ਨੇ ਵੀ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਸਾਬਕਾ ਮੁੱਖ ਮੰਤਰੀ ਨੂੰ ਸ਼ਰਧਾਂਜਲੀਆਂ ਦੇਣ ਵਾਲਿਆਂ 'ਚ ਓਮ ਪ੍ਰਕਾਸ਼ ਚੌਟਾਲਾ, ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ, ਐੱਨ ਸੀ ਪੀ ਪ੍ਰਧਾਨ ਸ਼ਰਦ ਪਵਾਰ, ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ, ਮੁੱਖ ਮੰਤਰੀ ਭਗਵੰਤ ਮਾਨ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਹਰਿਆਣਾ ਦੇ ਬਿਜਲੀ ਮੰਤਰੀ ਰਣਜੀਤ ਸਿੰਘ ਚੌਟਾਲਾ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਹਰਦੀਪ ਸਿੰਘ ਪੁਰੀ, ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ, (ਬਾਕੀ ਸਫ਼ਾ 6 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca



# ਕਨਸਰਵੇਟਿਵ ਪਾਰਟੀ ਦੇ ਮੁਖੀ ਪੀਅਰ ਪੋਲੀਵਰ ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਵਿਖੇ ਨਤਮਸਤਕ ਹੋਏ

ਸਰੀ (ਹਰਦਮ ਮਾਨ)-ਬੀਤੇ ਦਿਨ ਕੈਨੇਡਾ ਦੀ ਮੁੱਖ ਵਿਰੋਧੀ ਰਾਜਨੀਤਕ ਪਾਰਟੀ (ਕਨਸਰਵੇਟਿਵ) ਦੇ ਮੁਖੀ ਪੀਅਰ ਪੋਲੀਵਰ ਰਿਚਮੰਡ ਸਥਿਤ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ (ਗੁਰਦੁਆਰਾ ਨਾਨਕ ਨਿਵਾਸ ਨੰਬਰ 5 ਰੋਡ) ਵਿਖੇ ਨਤਮਸਤਕ ਹੋਏ। ਕਨਸਰਵੇਟਿਵ ਪਾਰਟੀ ਦੇ ਡਿਪਟੀ ਲੀਡਰ ਅਤੇ ਐਡਮਿੰਟਨ ਤੋਂ ਮੈਂਬਰ ਪਾਰਲੀਮੈਂਟ ਟਿਮ ਉੱਪਲ, ਕੈਲਗਰੀ ਤੋਂ ਮੈਂਬਰ ਪਾਰਲੀਮੈਂਟ ਅਤੇ ਵਿੱਤੀ ਮਾਮਲਿਆਂ ਦੇ ਬੁਲਾਰੇ ਜਸਰਾਜ ਸਿੰਘ ਹੱਲਣ,ਸਾਊਥ ਸਰੀ ਵਾਈਟ ਰੌਕ ਦੇ ਮੈਂਬਰ ਪਾਰਲੀਮੈਂਟ ਕੈਰੀ ਲਿਨ ਫਿਨਲੀ ਅਤੇ ਲਾਂਗਲੀ ਐਲਡਰਗਰੋਵ ਦੇ ਮੈਂਬਰ ਪਾਰਲੀਮੈਂਟ ਟੋਕੋ ਵੈਨ ਪੋਪਟਾ ਅਤੇ ਕੁਝ ਹੋਰ ਪਤਵੰਤੇ ਵੀ ਉਹਨਾਂ ਦੇ ਨਾਲ ਸਨ। ਗੁਰਦੁਆਰਾ ਸਾਹਿਬ ਦੀ ਪ੍ਰਬੰਧ ਕਮੇਟੀ ਦੇ ਮੈਂਬਰਾਂ ਨੇ ਉਹਨਾਂ ਸਭ ਦਾ ਨਿੱਘਾ ਸਵਾਗਤ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੀ ਆਇਆਂ ਆਖਦਿਆਂ ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਨੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦਾ ਸੰਖੇਪ ਇਤਿਹਾਸ ਅਤੇ ਇਸ ਦੇ ਬਾਨੀ ਆਸਾ ਸਿੰਘ ਜੌਹਲ ਅਤੇ ਜੌਹਲ ਪਰਿਵਾਰ ਦੀ ਦੇਣ ਬਾਰੇ ਜਾਣਕਾਰੀ ਦਿੱਤੀ। ਉਪਰੰਤ ਪੀਅਰ ਪੋਲੀਵੀਏ ਨੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਗਰਦੁਆਰਾ ਪ੍ਰਬੰਧਕ ਕਮੇਟੀ ਦਾ ਨਿੱਘੇ ਸਵਾਗਤ ਲਈ ਧੰਨਵਾਦ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਉਬੇਦ ਸਿੰਘ ਸਿੱਧੂ ਨੇ ਪੀਅਰ ਪੋਲੀਵਰ ਨੂੰ ਇਕ ਕਿਤਾਬਾਂ ਦਾ ਸੈਟ ਜਿਸ ਵਿਚ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ ਪੁਰਬ ਉਪਰ ਗੁਰਦੁਆਰਾ ਕਮੇਟੀ ਵੱਲੋਂ ਰਿਲੀਜ਼ ਕੀਤੀ ਗਈ ਪੁਸਤਕ ਅਤੇ ਆਸਾ ਸਿੰਘ ਜੌਹਲ ਦੀ ਜੀਵਨੀ ਬਾਰੇ ਪੁਸਤਕ ਸ਼ਾਮਲ ਸੀ, ਉਨ੍ਹਾਂ ਨੂੰ ਭੇਂਟ ਕੀਤੀ। ਪੀਅਰ ਪੋਲੀਵੀਏ ਨੇ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦਾ ਆਪਣੇ ਅਤੇ ਸਾਥੀਆਂ ਦੇ ਨਿੱਘੇ ਸਵਾਗਤ ਲਈ ਧੰਨਵਾਦ ਕੀਤਾ।

## ਦਰਦ ਅਤੇ ਪੀੜਾ ਲਈ ਪੈਦਲ ਯਾਤਰੀ ਨੂੰ 36 ਹਜ਼ਾਰ ਡਾਲਰ ਦਾ ਮੁਆਵਜਾ

ਸਰੀ-ਨਿਊ ਵੈਸਟਮਿਨਸਟਰ ਵਿਚ ਬੀਸੀ ਦੇ ਸੁਪਰੀਮ ਕੋਰਟ ਦੇ ਜੱਜ ਨੇ ਕਾਰ ਦੁਰਘਟਨਾ ਵਿਚ ਦਰਦ ਤੇ ਪੀੜਾ ਲਈ ਔਰਤ ਲਾ ਐਸਟੇਲਾ ਲੀਨ ਪੰਗਾਨੀਬਨ ਨੂੰ 36000 ਡਾਲਰ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। 2015 ਵਿਚ ਪੰਗਾਨੀਬਨ ਜਦੋਂ 14 ਸਾਲ ਦੀ ਸੀ ਤਾਂ ਸਰੀ ਵਿਚ ਜਦੋਂ ਉਹ ਸਕੂਲ ਤੋਂ ਘਰ ਨੂੰ ਪੈਦਲ ਜਾ ਰਹੀ ਸੀ ਤਾਂ ਉਸ ਨੂੰ ਕਾਰ ਨੇ ਟੱਕਰ ਮਾਰ ਦਿੱਤੀ ਸੀ। ਡਰਾਈਵਰ ਮਾਰੀਆ ਸੋਵਦਤ ਦੀ ਮੁਕੱਦਮੇ ਤੋਂ ਪਹਿਲਾਂ ਹੀ ਮੌਤ ਹੋ ਗਈ। ਪੰਗਾਨੀਬਨ 27 ਫਰਵਰੀ 2014 ਨੂੰ ਸ਼ਾਮ ਤਿੰਨ ਵਜੇ ਦੇ ਲਗਪਗ 96 ਐਵੀਨਿਊ ਤੋਂ 130 ਮੀਟਰ ਦੂਰ 160 ਨੰਬਰ ਸੜਕ ਪਾਰ ਕਰ ਰਹੀ ਸੀ ਜਦੋਂ ਕਾਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਅਦਾਲਤ ਨੂੰ ਦੱਸਿਆ ਕਿ ਉਸ ਦਿਨ ਮੌਸਮ ਸਾਫ ਤੇ ਧੁੱਪ ਚੜ੍ਹੀ ਹੋਈ ਸੀ। ਸੜਕ ਸੁੱਕੀ ਸੀ ਅਤੇ ਰਫਤਾਰ ਦੀ ਹੱਦ 50 ਕਿਲੋਮੀਟਰ ਪ੍ਰਤੀ ਘੰਟਾ ਸੀ। ਪੰਗਾਨੀਬਨ ਨੇ ਸਰੀਰਕ ਤੇ ਮਨੋਵਿਗਿਆਨਕ ਸੱਟਾਂ ਲਈ ਕੇਸ ਕਰ ਦਿੱਤਾ ਸੀ।

# ਰਾਸ਼ਟਰਪਤੀ ਬਾਇਡੇਨ ਵਲੋਂ ਦੂਸਰੇ ਕਾਰਜਕਾਲ ਲਈ ਦਾਅਵੇਦਾਰੀ-ਟਰੂਡੋ ਵਲੋਂ ਸਵਾਗਤ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਮਰੀਕੀ ਰਾਸ਼ਟਰਪਤੀ ਜੋਏ ਬਾਇਡੇਨ ਵਲੋਂ ਰਾਸ਼ਟਰਪਤੀ ਵਜੋਂ ਦੂਸਰੇ ਕਾਰਜਕਾਲ ਲਈ ਕੀਤੀ ਦਾਅਵੇਦਾਰੀ ਦਾ ਸਵਾਗਤ ਕਰ ਰਹੇ ਹਨ। ਮੈਨੂੰ ਲਗਦਾ ਹੈ ਕਿ ਸਪਸ਼ਟ ਤੌਰ 'ਤੇ ਇਹ ਵੱਡੀ ਖ਼ਬਰ ਹੈ ਕਿ ਰਾਸ਼ਟਰਪਤੀ ਬਾਇਡੇਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਰਾਸ਼ਟਰਪਤੀ ਬਣੇ ਰਹਿਣ ਲਈ ਚੋਣ ਲੜ ਰਹੇ ਹਨ। ਪਾਰਲੀਮੈਂਟ ਹਿਲ ਨੂੰ ਕੈਬਨਿਟ ਮੀਟਿੰਗ ਲਈ ਜਾਂਦੇ ਸਮੇਂ ਟਰੂਡੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਬਾਇਡੇਨ ਇਸ ਤਰ੍ਹਾਂ ਦੇ ਨੇਤਾ ਹਨ ਜਿਸ ਦੀ ਕੇਵਲ ਅਮਰੀਕਾ ਨੂੰ ਹੀ ਨਹੀਂ ਸਗੋਂ ਵਿਸ਼ਵ ਨੂੰ ਲੋੜ ਹੈ ਅਤੇ ਉਹ ਉਨ੍ਹਾਂ ਨਾਲ ਕਈ ਸਾਲ ਲਗਾਤਾਰ ਕੰਮ ਕਰਨ ਦੀ ਆਸ ਕਰ ਰਹੇ ਹਨ। ਫਰੈਂਚ ਭਾਸ਼ਾ ਵਿਚ ਬੋਲਦਿਆਂ ਟਰੂਡੋ ਨੇ ਕਿਹਾ ਕਿ ਬਾਇਡੇਨ ਨੇ ਸਿਰਫ ਕੈਨੇਡਾ-ਅਮਰੀਕਾ ਸਬੰਧਾਂ ਲਈ ਚੰਗੀਆਂ ਗੱਲਾਂ ਹੀ ਨਹੀਂ ਕੀਤੀਆਂ ਸਗੋਂ ਵਿਸ਼ਵ ਭਰ ਲਈ ਚੰਗਾ ਕੀਤਾ ਹੈ। ਟਰੂਡੋ ਨੇ ਇਹ ਟਿੱਪਣੀਆਂ ਬਾਇਡੇਨ ਵਲੋਂ ਕੁਝ ਘੰਟੇ ਪਹਿਲਾਂ ਇਹ ਐਲਾਨ ਕਰਨ ਪਿੱਛੋਂ ਕੀਤੀਆਂ ਕਿ ਉਨ੍ਹਾਂ ਨੇ ਰਸਮੀ ਰੂਪ ਵਿਚ ਦੂਸਰੇ ਕਾਰਜਕਾਰ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਬਰਾਕ ਓਬਾਮਾ ਤੇ ਡੋਨਾਲਡ ਟਰੰਪ ਪਿੱਛੋਂ ਸਾਬਕਾ ਉਪ ਰਾਸ਼ਟਰਪਤੀ ਤੀਸਰੇ ਰਾਸ਼ਟਰਪਤੀ ਹਨ ਜਿਨ੍ਹਾਂ ਨਾਲ ਟਰੂਡੋ ਪ੍ਰਧਾਨ ਮੰਤਰੀ ਵਜੋਂ ਆਪਣੇ ਅੱਠ ਸਾਲਾਂ ਦੌਰਾਨ ਵਿਚਰੇ ਹਨ। ਪਿਛਲੇ ਮਹੀਨੇ ਬਾਇਡੇਨ ਨੇ ਰਾਸ਼ਟਰਪਤੀ ਵਜੋਂ ਕੈਨੇਡਾ ਦੀ ਆਪਣੀ ਪਹਿਲੀ ਯਾਤਰਾ ਕੀਤੀ ਸੀ ਅਤੇ ਓਟਵਾ ਵਿਚ ਟਰੂਡੋ ਤੇ ਉਨ੍ਹਾਂ ਦੇ ਕੈਬਨਿਟ ਮੰਤਰੀਆਂ ਨਾਲ ਮੀਟਿੰਗ ਕੀਤੀ। ਟਰੂਡੋ ਨੇ ਯਾਤਰਾ ਦੌਰਾਨ ਇਕ ਸਾਂਝੀ ਪ੍ਰੈਸ ਕਾਨਫਰੰਸ ਵਿਚ ਬਾਇਡੇਨ ਦੀ ਪ੍ਰਸ਼ੰਸਾ ਦੇ ਖੂਬ ਪੁਲ ਬੰਨੇ। ਤੁਹਾਡੇ ਨਾਲ ਖੜਨਾ ਹਮੇਸ਼ਾ ਖੁਸ਼ੀ ਵਾਲੀ ਗੱਲ ਹੁੰਦੀ ਹੈ। ਤੁਹਾਡੇ ਨਾਲ ਕੰਮ ਕਰਨ ਵਿਚ ਹਮੇਸ਼ਾ ਖੁਸ਼ੀ ਹੁੰਦੀ ਹੈ। ਅਮਰੀਕੀ ਪੱਤਰਕਾਰ ਐਡਰੀਅਨ ਮੋਰੋ ਨੇ ਕਿਹਾ ਕਿ ਬਾਇਡੇਨ ਦੇ ਐਲਾਨ ਨਾਲ ਦੇਸ਼ ਦੀ ਲੰਬੀ 2024 ਦੀ ਚੋਣ ਲਈ ਦੌੜ ਸ਼ੁਰੂ ਹੋ ਗਈ ਹੈ ਅਤੇ ਮੁੜ ਤੋਂ ਡੋਨਾਲਡ ਟਰੰਪ ਨਾਲ ਇਕ ਸੰਭਾਵੀ ਮੁਕਾਬਲਾ ਹੋਣ ਜਾ ਰਿਹਾ ਹੈ।



# ਰੋਜਰਜ਼ ਲਈ ਨਵਦੀਪ ਬੈਂਸ ਦੀ ਨਿਯੁਕਤੀ ਕਾਰਨ ਹਾਊਸ ਕਮੇਟੀ ਨੇ ਲਾਬਿੰਗ ਕਮਿਸ਼ਨਰ ਨੂੰ ਕੀਤਾ ਤਲਬ



ਓਟਵਾ-ਹਾਊਸ ਆਫ ਕਾਮਨਜ਼ ਨੇ ਲਾਬਿੰਗ ਕਮਿਸ਼ਨਰ ਨੂੰ ਇਹ ਸਪਸ਼ਟੀਕਰਨ ਦੇਣ ਲਈ ਪੇਸ਼ ਹੋਣ ਵਾਸਤੇ ਕਿਹਾ ਹੈਕਿ ਸਾਬਕਾ ਇੰਡਸਟਰੀ ਮੰਤਰੀ ਨਵਦੀਪ ਬੈਂਸ ਦੀ ਰੋਜਰਜ਼ ਵਿਖੇ ਐਗਜ਼ੀਕਿਊਟਿਵ ਦੀ ਭੂਮਿਕਾ ਲਈ ਨਿਯੁਕਤੀ ਨਾਲ ਲਾਬਿੰਗ ਕੋਡ ਕਿਉਂ ਨਹੀਂ ਟੁੱਟ ਰਿਹਾ। ਕੰਸਰਵੇਟਿਵ ਮਾਈਕਲ ਬਰੇਟ ਵਲੋਂ ਪੇਸ਼ ਕੀਤੇ ਮਤੇ ਪਿੱਛੋਂ ਹਾਊਸ ਆਫ ਐਥਿਕਸ ਕਮੇਟੀ ਭਵਿੱਖ ਦੀ ਮੀਟਿੰਗ ਵਿਚ ਕਮਿਸ਼ਨਰ ਨੂੰ ਸੱਦਣ ਲਈ ਸਹਿਮਤ ਹੋ ਗਈ। ਸਾਬਕਾ ਲਿਬਰਲ ਐਮਪੀ ਨਵਦੀਪ ਬੈਂਸ 2021 ਵਿਚ ਨਿੱਜੀ ਸੈਕਟਰ ਵਿਚ ਜਾਣ ਲਈ ਸਰਕਾਰ ਛੱਡਣ ਤਕ ਪੰਜ ਸਾਲ ਤੋਂ ਵੀ ਜ਼ਿਆਦਾ ਸਮਾਂ ਉਦਯੋਗ ਮੰਤਰੀ ਰਿਹਾ ਸੀ। ਓਟਵਾ ਵਿਚ ਲਾਬਿੰਗ ਤੇ ਐਥਿਕ ਕਮਿਸ਼ਨਰਜ਼ ਵਲੋਂ ਬੈਂਸ ਦੀ ਨਵੀਂ ਨੌਕਰੀ ਨੂੰ ਪ੍ਰਵਾਨਗੀ ਦੇਣ ਪਿੱਛੋਂ ਰੋਜਰਜ਼ ਐਗਜ਼ੀਕਿਊਟਿਵ ਲੀਡਰਸ਼ਿਪ ਟੀਮ ਵਲੋਂ ਕੀਤੀਆਂ ਕਈ ਨਿਯੁਕਤੀਆਂ ਵਿਚ ਬੈਂਸ ਸ਼ਾਮਿਲ ਸੀ। ਉਦਯੋਗ ਮੰਤਰੀ ਕੈਨੇਡਾ ਦੀ ਇੰਡਸਟਰੀਅਲ ਰਣਨੀਤੀ ਦੀ ਨਿਗਰਾਨੀ ਲਈ ਜ਼ਿੰਮੇਵਾਰ ਹੁੰਦਾ ਹੈ ਜਿਸ ਵਿਚ ਦੂਰਸੰਚਾਰ ਵਰਗੇ ਕੌਮੀ ਸੈਕਟਰਾਂ ਨੂੰ ਨਿਯਮਤ ਕਰਨਾ ਸ਼ਾਮਿਲ ਹੈ।






# ਕੈਨੇਡਾ ਆਪਣੇ ਨਾਗਰਿਕਾਂ ਨੂੰ ਸੂਡਾਨ ਤੋਂ ਕੱਢਣ ਲਈ ਸਹਿਯੋਗੀਆਂ ਨਾਲ ਕਰ ਰਿਹਾ ਹੈ ਤਾਲਮੇਲ-ਟਰੂਡੋ

ਓਟਵਾ-ਫੈਡਰਲ ਸਰਕਾਰ ਜੰਗ ਗ੍ਰਸਤ ਦੇਸ਼ ਸੂਡਾਨ ਵਿਚੋਂ ਕੈਨੇਡੀਅਨ ਨਾਗਰਿਕਾਂ ਨੂੰ ਬਾਹਰ ਲਿਆਉਣ ਲਈ ਸਹਿਯੋਗੀ ਦੇਸ਼ਾਂ ਨਾਲ ਤਾਲਮੇਲ ਕਰ ਰਹੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਸੂਡਾਨ ਤੋਂ ਹਵਾਈ ਰਸਤੇ ਆਪਣੇ ਨਾਗਰਿਕਾਂ ਨੂੰ ਬਾਹਰ ਲਿਆਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ ਅਤੇ ਦੋ ਸੈਨਿਕ ਸਮੁੰਦਰੀ ਜਹਾਜ਼ ਉਸ ਦੇ ਤੱਟ 'ਤੇ ਪਹੁੰਚ ਗਏ ਹਨ ਜਦਕਿ ਖੇਤਰ ਵਿਚ ਹਿੰਸਾ ਦੂਸਰੇ ਹਫ਼ਤੇ ਵੀ ਜਾਰੀ ਰਹੀ। ਸੂਡਾਨ ਵਿਚ ਫ਼ੌਜ ਤੇ ਅਰਧ ਸੈਨਿਕਾਂ ਬਲਾਂ ਵਿਚਕਾਰ ਚਲ ਰਹੀ ਲੜਾਈ 'ਚ ਸੈਂਕੜੇ ਲੋਕ ਮਾਰੇ ਗਏ ਹਨ ਅਤੇ ਹਜ਼ਾਰਾਂ ਹੋਰ ਜ਼ਖ਼ਮੀ ਹੋਏ ਹਨ। ਟਰੂਡੋ ਨੇ ਦੱਸਿਆ ਕਿ ਉਥੇ ਸਥਿਤੀ ਕਾਫੀ ਮੁਸ਼ਕਿਲ ਵਾਲੀ ਹੈ। ਬਹੁਤ ਹੀ ਸੀਮਤ ਥਾਵਾਂ ਹਨ ਜਿਥੋਂ ਅਸੀਂ ਲੋਕਾਂ ਨੂੰ ਹਵਾਈ ਰਸਤੇ ਬਾਹਰ ਕੱਢ ਸਕਦੇ ਹਾਂ। ਸੂਡਾਨ ਵਿਚ ਮੌਜੂਦ 29 ਸਾਲਾ ਵਦਾਹਮੇਦਾਨੀ ਨੇ ਦੱਸਿਆ ਕਿ ਨਿਕਾਸੀ ਉਡਾਨ ਬਾਰੇ ਪਤਾ ਲੱਗਣ ਪਿੱਛੋਂ ਉਹ ਯੁੱਧ ਗ੍ਰਸਤ ਰਾਜਧਾਨੀ ਖਰਤੂਮ ਦੇ ਬਾਹਰਵਾਰ ਸੈਨਿਕ ਹਵਾਈ ਅੱਡੇ 'ਤੇ ਪਹੁੰਚੀ ਹੈ। ਉਸ ਨੇ ਦੱਸਿਆ ਕਿ ਜਾਰਡਨ ਲਈ ਰਵਾਈ ਹੋਣ ਵਾਲੇ ਜਰਮਨੀ ਦੇ ਜਹਾਜ਼ ਵਿਚ ਉਹ ਸਵਾਰ ਹੋ ਗਈ ਜਿਥੇ ਉਸ ਨੂੰ ਦੱਸਿਆ ਕਿ ਉਥੋਂ ਉਸ ਨੂੰ ਓਟਵਾ ਜਾਣ ਲਈ ਉਡਾਨ ਮਿਲੇਗੀ। ਟਰੂਡੋ ਨੇ ਦੱਸਿਆ ਕਿ 58 ਕੈਨੇਡੀਅਨ ਪਹਿਲਾਂ ਹੀ ਜਰਮਨੀ ਦੀ ਉਡਾਨ ਰਾਹੀਂ ਸੂਡਾਨ ਤੋਂ ਬਾਹਰ ਕੱਢ ਲਏ ਹਨ ਅਤੇ ਸੀ-17 ਟਰਾਂਸਪੋਰਟ ਜਹਾਜ਼ ਖੇਤਰ ਵਿਚ ਮੌਜੂਦ ਹੈ। ਵਿਦੇਸ਼ ਮਾਮਲਿਆਂ ਦੀ ਮੰਤਰੀ ਮੇਲਾਨੀ ਜੋਲੀ ਨੇ ਦੱਸਿਆ ਕਿ ਹੁਣ ਤਕ 100 ਕੈਨੇਡੀਅਨਾਂ ਨੂੰ ਸੂਡਾਨ ਤੋਂ ਬਾਹਰ ਕੱਢਿਆ ਗਿਆ ਹੈ। ਉਨ੍ਹਾਂ ਕੈਨੇਡੀਅਨਾਂ ਨੂੰ ਬਾਹਰ ਲਿਆਉਣ ਵਿਚ ਮਦਦ ਲਈ ਜਰਮਨੀ, ਫਰਾਂਸ, ਸੰਯੁਕਤ ਅਰਬ ਅਮੀਰਾਤ ਅਤੇ ਸਾਊਦੀ ਅਰਬ ਦਾ ਧੰਨਵਾਦ ਕੀਤਾ। ਉਸ ਨੇ ਦੱਸਿਆ ਕਿ 550 ਲੋਕਾਂ ਨੇ ਮਦਦ ਲਈ ਕਿਹਾ। ਜੋਲੀ ਨੇ ਦੱਸਿਆ ਕਿ ਫੈਡਰਲ ਸਰਕਾਰ ਉਨ੍ਹਾਂ ਲੋਕਾਂ ਲਈ ਵੀ ਜਾਣਕਾਰੀ ਮੁਹੱਈਆ ਕਰ ਰਹੀ ਹੈ ਜਿਹੜੇ ਆਪਣੇ ਤੌਰ 'ਤੇ ਦੇਸ਼ ਛੱਡਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਕੈਨੇਡਾ ਸੋਮਵਾਰ ਰਾਤ ਨੂੰ 72 ਘੰਟੇ ਦੇ ਜੰਗਬੰਦੀ ਸਮਝੌਤੇ ਦੀ ਪਾਲਣਾ ਕਰਨ ਦੀ ਲਗਾਤਾਰ ਮੰਗ ਕਰ ਰਿਹਾ ਹੈ। ਰੱਖਿਆ ਮੰਤਰੀ ਅਨੀਤਾ ਆਨੰਦ ਨੇ ਦੱਸਿਆ ਕਿ ਸਰਕਾਰ ਉਸ ਕਿਸੇ ਦੀ ਵੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜਿਹੜਾ ਸਹਾਇਤਾ ਲਈ ਬੇਨਤੀ ਕਰ ਰਿਹਾ ਹੈ ਪਰ ਉਨ੍ਹਾਂ ਸਥਿਤੀ ਨੂੰ ਬਹੁਤ ਹੀ ਅਸਥਿਰ ਤੇ ਬਹੁਤ ਹੀ ਤੀਬਰ ਆਖਿਆ ਹੈ।



## ਸਕਾਈ ਟਰੇਨ ਵਿਚ ਚਾਕੂ ਮਾਰਨ ਵਾਲਾ ਸ਼ੱਕੀ ਗ੍ਰਿਫ਼ਤਾਰ

ਸਰੀ-15 ਅਪ੍ਰੈਲ ਨੂੰ ਸਰੀ ਵਿਚ ਸਕਾਈ ਟਰੇਨ ਵਿਚ ਇਕ ਯਾਤਰੀ ਦੇ ਚਾਕੂ ਮਾਰਨ ਦੀ ਘਟਨਾ ਦੇ ਸਬੰਧ ਵਿਚ ਪੁਲਿਸ ਨੇ ਬਰਨਬੀ ਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੀੜਤ ਤੇ ਉਸ ਦੀ ਦੋਸਤ ਲੜਕੀ ਰਾਤ ਇਕ ਵਜੇ ਤੋਂ ਥੋੜਾ ਪਹਿਲਾਂ ਸਕਾਈ ਟਰੇਨ ਵਿਚ ਸਵਾਰ ਹੋ ਕੇ ਜਾ ਰਹੇ ਸਨ ਜਦੋਂ ਸ਼ੱਕੀ ਨੇ ਉਸ ਦੇ ਚਾਕੂ ਮਾਰ ਦਿੱਤਾ। ਮੈਟਰੋ ਵੈਨਕੂਵਰ ਟਰਾਂਜ਼ਿਟ ਪੁਲਿਸ ਦੇ ਕੰਸਟੇਬਲ ਟਰੈਵਿਸ ਬਲੇਅਰ ਨੇ ਦੱਸਿਆ ਕਿ ਪੈਰਾਮੈਡਿਕਸ ਸਰੀ ਸੈਂਟਰਲ ਸਟੇਸ਼ਨ ਤੋਂ ਜ਼ਖ਼ਮੀ ਨੂੰ ਹਸਪਤਾਲ ਲੈ ਕੇ ਗਏ ਜਦਕਿ ਸ਼ੱਕੀ ਫਰਾਰ ਹੋ ਗਿਆ। ਬਲੇਅਰ ਨੇ ਦੱਸਿਆ ਕਿ 29 ਸਾਲਾ ਸ਼ੱਕੀ ਨੂੰ ਪੁਲਿਸ ਜਾਣਦੀ ਹੈ ਅਤੇ ਉਹ ਉਸ ਖਿਲਾਫ ਖ਼ਤਰਨਾਕ ਉਦੇਸ਼ ਲਈ ਹਥਿਆਰ ਨਾਲ ਹਮਲਾ ਕਰਨ ਅਤੇ ਹਥਿਆਰ ਕੋਲ ਰੱਖਣ ਦਾ ਦੋਸ਼ ਲਗਾਉਣ ਦੀ ਸਿਫਾਰਸ਼ ਕਰੇਗਾ। ਬਲੇਅਰ ਨੇ ਦੱਸਿਆ ਕਿ ਸ਼ੱਕੀ ਨੂੰ 21 ਅਪ੍ਰੈਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਇਨ੍ਹਾਂ ਸ਼ਰਤਾਂ ਨਾਲ ਉਸੇ ਦਿਨ ਰਿਹਾਅ ਕਰ ਦਿੱਤਾ ਕਿ ਉਹ ਆਪਣੇ ਕੋਲ ਚਾਕੂ ਨਹੀਂ ਰੱਖੇਗਾ ਜਾਂ ਪੀੜਤ ਨਾਲ ਕਿਸੇ ਤਰ੍ਹਾਂ ਦਾ ਸੰਪਰਕ ਨਹੀਂ ਕਰੇਗਾ। ਉਹ ਸਰੀ ਦੀ ਪ੍ਰੋਵਿੰਸ਼ੀਅਲ ਅਦਾਲਤ ਵਿਚ 14 ਜੂਨ 2023 ਨੂੰ ਪੇਸ਼ ਹੋਵੇਗਾ।

# ਫੈਡਰਲ ਵਰਕਰਜ ਯੂਨੀਅਨ ਦੀ ਹੜਤਾਲ ਜਾਰੀ

ਸਫ਼ਾ 1 ਦੀ ਬਾਕੀ

ਅਸੀਂ ਲਗਾਤਾਰ ਸਮਝੌਤਾ ਗੱਲਬਾਤ ਕਰ ਰਹੇ ਹਾਂ। ਅਸੀਂ ਅਜੇ ਵੀ ਗੱਲਬਾਤ ਦੀ ਮੇਜ 'ਤੇ ਹਾਂ। ਮੰਤਰੀ ਨੇ ਆਪਣੇ ਪਹਿਲੇ ਬਿਆਨਾਂ ਨੂੰ ਦੁਹਰਾਇਆ ਕਿ ਸਰਕਾਰ ਖਾਲੀ ਚੈੱਕ ਲਿਖ ਕੇ ਨਹੀਂ ਦੇਣਾ ਚਾਹੁੰਦੀ ਅਤੇ ਉਹ ਤਿੰਨ ਸਾਲਾਂ ਵਿਚ 9 ਫ਼ੀਸਦੀ ਵਾਧੇ ਦੀ ਪੇਸ਼ਕਸ਼ 'ਤੇ ਕਾਇਮ ਹੈ। ਇਸ ਹਫ਼ਤੇ ਮਿਸ ਫੋਰਟੀਅਰ ਨੇ ਕਿਹਾ ਕਿ ਸਰਕਾਰ ਨੇ ਬੋਨਸ ਦੀ ਪੇਸ਼ਕਸ਼ ਕਰਕੇ ਆਪਣੀ ਪੇਸ਼ਕਸ਼ ਵਿਚ ਸੁਧਾਰ ਕੀਤਾ ਹੈ ਪਰ ਉਨ੍ਹਾਂ ਬੋਨਸ ਦੇ ਆਕਾਰ ਦਾ ਖੁਲਾਸਾ ਨਹੀਂ ਕੀਤਾ। ਪੀਐਸਏਸੀ ਅਗਲੇ ਤਿੰਨ ਸਾਲਾਂ ਵਿਚ ਆਪਣੇ 120000 ਤੋਂ ਵੀ ਵੱਧ ਮੁਲਾਜ਼ਮਾਂ ਲਈ ਤਨਖਾਹ ਵਿਚ 13.5 ਫ਼ੀਸਦੀ ਵਾਧੇ ਦੀ ਮੰਗ ਕਰ ਰਹੀ ਹੈ। ਜਦੋਂ ਪੱਤਰਕਾਰਾਂ ਨੇ ਇਹ ਪੁੱਛਿਆ ਕਿ ਕੀ ਪੀਐਸਏਸੀ ਨੇ ਆਪਣੀ ਤਨਖਾਹ ਦੀ ਮੰਗ ਨੂੰ ਘਟਾ ਦਿੱਤਾ ਤਾਂ ਆਇਲਵਰਡ ਨੇ ਕੋਈ ਸਪਸ਼ਟ ਉੱਤਰ ਨਹੀਂ ਦਿੱਤਾ ਅਤੇ ਕਿਹਾ ਕਿ ਯੂਨੀਅਨ ਨੇ ਸਮਝੌਤਾ ਕੀਤਾ ਹੈ ਅਤੇ ਆਪਣੀ ਤਨਖਾਹ ਦੀ ਪੇਸ਼ਕਸ਼ 'ਤੇ ਅੱਗੇ ਵਧੀ ਹੈ ਪਰ ਇਹ ਸਪਸ਼ਟ ਨਹੀਂ ਕੀਤਾ ਕਿ ਕਿੰਨਾ ਅੱਗੇ ਵਧੀ ਹੈ।

## ਫੈਡਰਲ ਮੁਲਾਜ਼ਮਾਂ ਦੀ ਹੜਤਾਲ ਦਾ ਅਸਰ ਕੈਨੇਡੀਅਨ ਇਮੀਗ੍ਰੇਸ਼ਨ 'ਤੇ ਪੈਣ ਦੀ ਸੰਭਾਵਨਾ

ਓਟਵਾ-ਕੈਨੇਡਾ ਵਿਚ 155000 ਤੋਂ ਵੀ ਜ਼ਿਆਦਾ ਮੁਲਾਜ਼ਮਾਂ ਦੀ ਪ੍ਰਤੀਨਿਧਤਾ ਕਰ ਰਹੀ ਯੂਨੀਅਨ ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ (ਪੀਐਸਏਸੀ) ਦੀ 19 ਅਪ੍ਰੈਲ ਤੋਂ ਸ਼ੁਰੂ ਹੋਈ ਹੜਤਾਲ ਦੇ ਕੈਨੇਡੀਅਨ ਇਮੀਗ੍ਰੇਸ਼ਨ ਸਮੇਤ ਵੱਖ ਵੱਖ ਖੇਤਰਾਂ 'ਤੇ ਪੈਣ ਦੀ ਸੰਭਾਵਨਾ ਹੈ। ਪੀਐਸਏਸੀ ਦਾ ਕਹਿਣਾ ਕਿ ਇਹ ਕੈਨੇਡੀਅਨ ਇਤਿਹਾਸ ਵਿਚ ਸਭ ਤੋਂ ਵੱਡੀਆਂ ਹੜਤਾਲਾਂ ਵਿਚੋਂ ਇਕ ਹੈ। ਹੜਤਾਲ ਕਾਰਨ ਕੈਨੇਡਾ ਵਿਚ ਵੱਖ ਵੱਖ ਜਨਤਕ ਸੇਵਾਵਾਂ ਵਿਚ ਵਿਘਨ ਪਵੇਗਾ ਜਿਸ ਵਿਚ ਇਮੀਗ੍ਰੇਸ਼ਨ ਰਿਫਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਵਲੋਂ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ ਵੀ ਸ਼ਾਮਿਲ ਹਨ। 19 ਅਪ੍ਰੈਲ ਦੀ ਪ੍ਰੈਸ ਕਾਨਫਰੰਸ ਵਿਚ ਪ੍ਰਵਾਸ ਮੰਤਰੀ ਸੀਨ ਫਰੇਜ਼ਰ ਨੇ ਕਿਹਾ ਕਿ ਜਿੰਨੀ ਲੰਬੀ ਹੜਤਾਲ ਚੱਲੇਗੀ ਉਸ ਮੁਤਾਬਿਕ ਇਸ ਦਾ ਅਸਰ ਗੰਭੀਰ ਹੋ ਸਕਦਾ ਹੈ। ਫਰੇਜ਼ਰ ਨੇ ਇਥੋਂ ਤਕ ਕਹਿ ਦਿੱਤਾ ਕਿ ਸੇਵਾਵਾਂ ਵਿਚ ਵਿਘਨ ਦੇ ਮੁਕੰਮਲ ਤੱਥਾਂ ਦੀ ਸਹੀ ਜਾਣਕਾਰੀ ਨਹੀਂ ਜਿਸ ਕਾਰਨ ਸਹੀ ਸਮਾਂ ਸੀਮਾਵਾਂ ਦਾ ਮੁਲਾਂਕਣ ਕਰਨਾ ਮੁਸ਼ਕਿਲ ਹੈ ਜਾਂ ਬਿਨੇਕਾਰ ਨੂੰ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਈਆਰਸੀਸੀ ਅਤੇ ਸਰਵਿਸ ਕੈਨੇਡਾ ਐਂਡ ਇੰਪਲਾਇਮੈਂਟ ਐਂਡ ਸੋਸ਼ਲ ਡਿਵੈਲਮੈਂਟ ਕੈਨੇਡਾ (ਈਐਸਡੀਸੀ) ਨੇ ਵਿਘਨ ਸਬੰਧੀ ਜਾਣਕਾਰੀ ਉਪਲਬਧ ਕਰਵਾਈ ਹੈ ਅਤੇ ਹੜਤਾਲ ਦੇ ਸਿੱਟੇ ਵਜੋਂ ਪੈਣ ਵਾਲੇ ਵਿਘਨ ਦੀ ਦੋਵੇਂ ਕੈਨੇਡੀਅਨ ਅਤੇ ਨਵੇਂ ਆਉਣ ਵਾਲੇ ਲੋਕ ਆਸ ਕਰ ਸਕਦੇ ਹਨ।

# ਸੁਖੀ ਜੀਵਨ ਬਤੀਤ ਕਰਨ ਲਈ ਚੰਗੇਰੀ ਜੀਵਨ ਜਾਚ ਦੀ ਲੋੜ-ਠਾਕੁਰ ਦਲੀਪ ਸਿੰਘ

ਸਰੀ (ਹਰਦਮ ਮਾਨ)-ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਸੁਖੀ ਜੀਵਨ ਬਤੀਤ ਕਰਨ ਲਈ ਚੰਗੇਰੀ ਜੀਵਨ ਜਾਚ ਦੀ ਲੋੜ ਤੇ ਜ਼ੋਰ ਦਿੰਦਿਆਂ ਕਿਹਾ ਹੈ ਕਿ ਚੰਗੇ ਗੁਣਾਂ ਦੇ ਧਾਰਨੀ ਹੋ ਕੇ ਹੀ ਸੁਖੀ ਜੀਵਨ ਮਾਣਿਆਂ ਜਾ ਸਕਦਾ ਹੈ। ਆਪਣੇ ਇਕ ਸੰਦੇਸ਼ ਰਾਹੀਂ ਉਨ੍ਹਾਂ ਕਿਹਾ ਹੈ ਕਿ ਅੱਜ ਹਰ ਪ੍ਰਾਣੀ ਆਪਣਾ ਜੀਵਨ ਸੁਖੀ ਬਤੀਤ ਕਰਨਾ ਚਾਹੁੰਦਾ ਹੈ ਅਤੇ ਕੋਈ ਵੀ ਦੁਖੀ ਨਹੀਂ ਹੋਣਾ ਚਾਹੁੰਦਾ ਪਰ ਇਹ ਸਮਝਣ ਦੀ ਲੋੜ ਹੈ ਕਿ ਮਨ ਦੇ ਦੁੱਖ ਅਤੇ ਤਨ ਦੇ ਦੁੱਖ ਦੋਵੇਂ ਵੱਖਰੇ-ਵੱਖਰੇ ਹਨ। ਜਦੋਂ ਮਨ ਦੁਖੀ ਹੁੰਦਾ ਹੈ ਤਾਂ ਉਹ ਤਨ ਨੂੰ ਵੀ ਦੁਖੀ ਕਰ ਦਿੰਦਾ ਹੈ ਅਤੇ ਜਦੋਂ ਤਨ ਦੁਖੀ ਹੁੰਦਾ ਹੈ ਤਾਂ ਉਹ ਮਨ ਨੂੰ ਵੀ ਕਰਦਾ ਹੈ। ਪਰੰਤੂ, ਤਨ ਦੇ ਦੁਖੀ ਹੋਣ ਦਾ ਏਨਾ ਪ੍ਰਭਾਵ ਨਹੀਂ ਹੁੰਦਾ, ਜਿੰਨਾ ਮਨ ਦੇ ਦੁਖੀ ਹੋਣ ਦਾ ਪ੍ਰਭਾਵ ਤਨ ਉੱਤੇ ਪੈਂਦਾ ਹੈ। ਠਾਕੁਰ ਦਲੀਪ ਸਿੰਘ ਨੇ ਜੀਵਨ ਜਾਚ ਸਮਝਾਉਂਦਿਆਂ ਦੱਸਿਆ ਕਿ ਸਚਮੁਚ ਸੁਖੀ ਜੀਵਨ ਬਤੀਤ ਕਰਨ ਦੀ ਇੱਛਾ ਰੱਖਣ ਵਾਲਿਆਂ ਨੂੰ ਕਿਸੇ ਹੋਰ ਦੇ ਔਗੁਣ ਦੇਖਣੇ ਅਤੇ ਗਲਤੀਆਂ ਕੱਢਣੀਆਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ ਅਤੇ ਆਤਮ-ਝਾਤ ਮਾਰ ਕੇ ਆਪਣੀਆਂ ਗਲਤੀਆਂ ਅਤੇ ਔਗੁਣ ਲੱਭਣੇ ਚਾਹੀਦੇ ਹਨ। ਆਤਮ-ਵਿਸ਼ਲੇਸ਼ਣ ਕਰਕੇ ਆਪਣੀਆਂ ਗਲਤੀਆਂ ਨੂੰ ਸੁਧਾਰਨਾ ਸ਼ੁਰੂ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਹੈ ਕਿ ਕਿਸੇ ਦੇ ਗੁਣ ਦੇਖ ਕੇ ਉਨ੍ਹਾਂ ਗੁਣਾਂ ਨੂੰ ਅਪਣਾਉਣਾ ਚਾਹੀਦਾ ਹੈ ਅਤੇ ਕਿਸੇ ਵਿਅਕਤੀ ਦੇ ਚੰਗੇ ਗੁਣਾਂ ਦੀ ਨਕਲ ਕਰਨੀ ਚਾਹੀਦੀ ਹੈ। ਜਿਵੇਂ: ਜੇ ਕੋਈ ਮੁਸਕਰਾ ਕੇ ਮਿਲਦਾ ਹੈ, ਕਿਸੇ ਦਾ ਗੁਣ ਹੈ ਕਿ ਉਹ ਬੜੀ ਮਿੱਠੀ ਬੋਲੀ ਬੋਲਦਾ ਹੈ ਤਾਂ ਅਜਿਹੇ ਗੁਣਾਂ ਨੂੰ ਅਪਨਾਉਣਾ ਸ਼ੁਰੂ ਕਰਨ ਨਾਲ ਹਰ ਇਕ ਦਾ ਜੀਵਨ ਇੱਕ-ਦੋ ਦਿਨ ਵਿਚ ਹੀ ਸੁਖੀ ਹੋਣਾ ਸ਼ੁਰੂ ਹੋ ਜਾਵੇਗਾ ਅਤੇ ਇਕ ਮਹੀਨੇ ਦੇ ਅੰਦਰ ਪ੍ਰਤੱਖ ਪਤਾ ਲੱਗ ਜਾਵੇਗਾ ਕਿ ਕਿੰਨੇ ਸੁਖੀ ਹੋ ਗਏ ਹਾਂ ਅਤੇ ਪਹਿਲਾਂ ਤੁਸੀਂ ਕਿੰਨੇ ਦੁਖੀ ਸੀ। ਉਨ੍ਹਾਂ ਇਹ ਵੀ ਕਿਹਾ ਹੈ ਕਿ ਅਜਿਹਾ ਕਰਨ ਲਈ ਕਠਿਨ ਅਭਿਆਸ ਕਰਨ ਦੀ ਲੋੜ ਹੈ ਯਦਾ ਯਦਾ ਅਭਿਆਸ ਸੇ ਜੜਮਤ ਹੋਤ ਸੁਜਾਨ। ਆਤਮ-ਵਿਸ਼ਲੇਸਣ ਅਤੇ ਅਭਿਆਸ ਕਰਕੇ ਹੀ ਸਚਮੁਚ ਸੁਖੀ ਜੀਵਨ ਜੀਵਿਆ ਅਤੇ ਮਾਣਿਆਂ ਜਾ ਸਕਦਾ ਹੈ।



UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839







# ...ਪ੍ਰਕਾਸ਼ ਸਿੰਘ ਬਾਦਲ ਨੂੰ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਇਗੀ

ਸਫ਼ਾ 3 ਦੀ ਬਾਕੀ

ਇਨੈਲੋ ਦੇ ਸਕੱਤਰ ਜਨਰਲ ਅਭੈ ਸਿੰਘ ਚੌਟਾਲਾ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਮਨਜਿੰਦਰ ਸਿੰਘ ਸਿਰਸਾ, ਪਰਮਜੀਤ ਸਿੰਘ ਸਰਨਾ, ਅਮਨ ਅਰੋੜਾ, ਡਾ. ਬਲਜੀਤ ਕੌਰ, ਸੰਤ ਬਲਬੀਰ ਸਿੰਘ ਸੀਚੇਵਾਲ, ਸਿਕੰਦਰ ਸਿੰਘ ਮਲੂਕਾ, ਭਾਈ ਰਾਮ ਸਿੰਘ, ਮਨਤਾਰ ਸਿੰਘ ਬਰਾੜ, ਬੰਟੀ ਰੋਮਾਣਾ, ਆਈ ਏ ਐੱਸ ਅਧਿਕਾਰੀ ਵਰੁਣ ਰੂਜ਼ਮ, ਡਿਪਟੀ ਕਮਿਸ਼ਨਰ ਵਿਨੀਤ ਕੁਮਾਰ, ਜ਼ਿਲ੍ਹਾ ਪੁਲੀਸ ਮੁਖੀ ਹਰਮਨਬੀਰ ਗਿੱਲ ਅਤੇ ਮਨਤਾਰ ਸਿੰਘ ਬਰਾੜ ਸਮੇਤ ਹੋਰ ਆਗੂ ਅਤੇ ਪਤਵੰਤੇ ਸ਼ਾਮਲ ਸਨ।

## 'ਕਿਸਾਨਾਂ ਦੇ ਗੱਡੇ' 'ਤੇ ਨਿਕਲੀ ਅੰਤਿਮ ਯਾਤਰਾ

ਕਿਸਾਨਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਪ੍ਰਕਾਸ਼ ਸਿੰਘ ਬਾਦਲ ਦੀ ਅੰਤਿਮ ਯਾਤਰਾ ਉਚੇਚੇ ਤੌਰ 'ਤੇ ਟਰੈਕਟਰ ਟਰਾਲੀ 'ਤੇ ਕੱਢੀ ਗਈ। ਇਸ ਨੂੰ ਵੱਖ-ਵੱਖ ਕਿਸਮ ਦੇ ਫੁੱਲਾਂ ਨਾਲ ਸਜਾਇਆ ਗਿਆ ਸੀ। ਪੰਜ ਵਾਰ ਦੇ ਮੁੱਖ ਮੰਤਰੀ ਰਹੇ ਸ੍ਰੀ ਬਾਦਲ ਦਾ ਸਮੁੱਚਾ ਜੀਵਨ ਖੇਤੀ ਪ੍ਰਧਾਨ ਸੂਬੇ ਪੰਜਾਬ ਦੇ ਹਿੱਤਾਂ ਨੂੰ ਸਮਰਪਿਤ ਰਿਹਾ। ਸਾਲ 1997 'ਚ ਜਦੋਂ ਉਹ ਦੂਜੀ ਵਾਰ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਟਰੈਕਟਰ ਨੂੰ 'ਕਿਸਾਨ ਦਾ ਗੱਡਾ' ਐਲਾਨ ਕੇ ਉਸ ਦਾ ਰੋਡ ਟੈਕਸ ਮੁਆਫ਼ ਕਰ ਦਿੱਤਾ ਸੀ। ਉਹ ਮੋਰਾਰਜੀ ਦੇਸਾਈ ਦੀ ਸਰਕਾਰ ਸਮੇਂ ਕੇਂਦਰ 'ਚ ਖੇਤੀਬਾੜੀ ਮੰਤਰੀ ਵੀ ਰਹੇ ਸਨ।

## ਖੇਤੀ ਤੇ ਪਸ਼ੂ-ਪੰਛੀਆਂ ਨਾਲ ਖਾਸ ਲਗਵਾ ਸੀ ਬਾਦਲ ਦਾ

ਜ਼ਿੰਦਗੀ ਨੂੰ ਕੌਮ ਅਤੇ ਸੂਬੇ ਦੇ ਲੇਖੇ ਲਾਉਣ ਵਾਲੇ ਮਾਤਾ ਜਸਵੰਤ ਕੌਰ ਦੇ ਹੋਣਹਾਰ ਫਰਜ਼ੰਦ 'ਪਾਸ਼' ਨੇ ਬਾਗਬਾਨੀ, ਖੇਤੀ ਅਤੇ ਡੇਅਰੀ ਫਾਰਮਿੰਗ ਨਾਲ ਅਖ਼ੀਰਲੇ ਹਫ਼ਤਿਆਂ ਤੱਕ ਆਪਣਾ ਰਾਬਤਾ ਜੋੜੀ ਰੱਖਿਆ। ਬਿਹਤਰੀਨ ਸਾਦਾ ਅਤੇ ਸਿਹਤਮੰਦ ਖਾਣ-ਪੀਣ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਰਿਹਾ। ਉਨ੍ਹਾਂ ਦਾ ਪਸ਼ੂ-ਪੰਛੀਆਂ ਨਾਲ ਬੇਹੱਦ ਲਗਾਅ ਸੀ। ਘਰ ਵਿੱਚ ਤੋਤੇ, ਮੋਰ ਅਤੇ ਹੋਰ ਜਾਨਵਰਾਂ ਦੀਆਂ ਅਠਖੇਲੀਆਂ ਨੂੰ ਤੱਕਣਾ ਉਨ੍ਹਾਂ ਦੀ ਸਵੇਰ ਤੇ ਸ਼ਾਮ ਦਾ ਹਿੱਸਾ ਸੀ। ਉਨ੍ਹਾਂ ਦੇ ਨੇੜਲੇ ਜਾਣਕਾਰਾਂ ਮੁਤਾਬਕ ਪਾਲਤੂ ਤੋਤਾ ਅਕਸਰ ਵੱਡੇ ਬਾਦਲ ਦੇ ਮੋਢਿਆਂ 'ਤੇ ਚੜ੍ਹ ਕੇ ਲਾਡ ਕਰਦਾ ਸੀ। ਫਰਵਰੀ 1999 ਵਿੱਚ ਪਾਕਿਸਤਾਨ ਦੌਰੇ ਮੌਕੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਉਨ੍ਹਾਂ ਨੂੰ ਤੋਹਫ਼ੇ ਵਿੱਚ ਦਿੱਤੇ ਦੋ ਭੇਡੂ ਵੀ ਖੂਬ ਚਰਚਾ ਵਿੱਚ ਰਹੇ ਹਨ। ਪਿੰਡ ਬਾਦਲ ਵਿੱਚ ਘੋੜਿਆਂ ਦਾ ਅਸਤਬਲ ਵੀ ਬਾਦਲ ਦੇ ਜਾਨਵਰਾਂ ਪ੍ਰਤੀ ਪ੍ਰੇਮ ਦਾ ਪ੍ਰਤੀਕ ਹੈ। ਉਹ ਬਿਮਾਰ ਹੋਣ ਤੋਂ ਪਹਿਲਾਂ ਤੱਕ ਲਗਪਗ ਰੋਜ਼ਾਨਾ ਪਿੰਡ ਬਾਦਲ ਵਿੱਚ ਆਪਣੇ ਕਿਨੂਆਂ ਦੇ ਬਾਗ, ਪਪੀਤਾ ਦੇ ਗ੍ਰੀਨ ਹਾਊਸ ਅਤੇ ਡੇਅਰੀ ਫਾਰਮ ਵਿੱਚ ਗੇੜਾ ਲਗਾਉਂਦੇ ਸਨ। ਨਵੇਂ ਲਗਾਏ ਬੂਟਿਆਂ ਬਾਰੇ ਖੁਦ ਜਾਣਕਾਰੀ ਲੈਂਦੇ ਸਨ। ਉਹ ਦਲੀਆ, ਖਿਚੜੀ ਤੇ ਹਲਕੇ ਖਾਣੇ ਤੋਂ ਇਲਾਵਾ ਅੰਬਾਂ ਦੇ ਵੀ ਸ਼ੌਕੀਨ ਸਨ। ਕਰੀਬ ਮਹੀਨਾ ਪਹਿਲਾਂ ਉਨ੍ਹਾਂ ਜੰਗਲਾਤ ਵਿਭਾਗ ਦੇ ਸੇਵਾਮੁਕਤ ਚੀਫ਼ ਕੰਜ਼ਰਵੇਟਿਵ ਨੂੰ ਬਾਲਾਸਰ ਫਾਰਮ ਹਾਊਸ 'ਤੇ ਅੰਬਾਂ ਦੀ ਹਰੇਕ ਕਿਸਮ ਦੇ ਬੂਟੇ ਲਗਾਉਣ ਲਈ ਸੱਦਿਆ ਸੀ। ਬਾਲਾਸਰ ਫਾਰਮ ਹਾਊਸ 'ਤੇ ਸਮਾਂ ਬਿਤਾਉਣਾ ਉਨ੍ਹਾਂ ਦੇ ਸ਼ੌਕ ਵਿੱਚ ਸ਼ੁਮਾਰ ਸੀ। ਉਨ੍ਹਾਂ ਅਕਾਲੀ ਸਰਕਾਰ ਸਮੇਂ ਪਿੰਡ ਬਾਦਲ ਨੂੰ ਸ਼ਹਿਰੀ ਦਿੱਖ ਦੇਣ ਲਈ ਖਜੂਰ ਦੇ ਦਰੱਖ਼ਤ ਲਗਵਾਏ ਅਤੇ ਬਿਜਲੀ ਸੇਵਾਵਾਂ ਨੂੰ ਅੰਡਰ ਗਰਾਊਂਡ ਕਰਵਾਇਆ।





## ਪਿੰਡ ਦੀ ਸਰਪੰਚੀ ਤੋ ਸਫਰ ਸ਼ੁਰੂ ਕੀਤਾ ਸੀ ਬਾਦਲ ਨੇ

ਪੰਥਕ ਅਤੇ ਅਕਾਲੀ ਰਾਜਨੀਤੀ ਪ੍ਰਕਾਸ਼ ਸਿੰਘ ਬਾਦਲ ਜਿਹੇ ਵੱਡੇ ਸਿਆਸੀ ਬਾਬਾ ਬੋਹੜ ਦੀ ਛਤਰ ਛਾਇਆ ਤੋਂ ਵਿਹੂਣੀ ਹੋ ਗਈ ਹੈ ਜੋ ਪੰਜ ਵਾਰ ਮੁੱਖ ਮੰਤਰੀ ਰਹੇ ਸਨ। ਪਿੰਡ-ਪਿੰਡ ਅਤੇ ਘਰ-ਘਰ ਸੰਗਤ ਦਰਸ਼ਨ ਕਰਕੇ ਮਸਲੇ ਹੱਲ ਕਰਨ ਵਾਲਾ ਲੋਕ ਆਗੂ ਹੁਣ ਕਦੇ ਮੁੜ ਕੇ ਨਹੀਂ ਆਉਣਾ। ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਪਿੰਡ ਬਾਦਲ ਦੀ ਸਰਪੰਚੀ ਤੋਂ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਨੇ 8 ਦਸੰਬਰ, 1927 ਨੂੰ ਨਾਨਕੇ ਪਿੰਡ ਅਬੁਲ ਖੁਰਾਣਾ ਵਿਚ ਪਿਤਾ ਰਘੁਰਾਜ ਸਿੰਘ ਦੇ ਘਰ ਮਾਤਾ ਜਸਵੰਤ ਕੌਰ ਦੀ ਕੁੱਖੋਂ ਜਨਮ ਲਿਆ। ਉਨ੍ਹਾਂ ਐਫ਼.ਏ. ਤੱਕ ਪੜ੍ਹਾਈ ਐਫ ਸੀ ਕਾਲਜ ਲਾਹੌਰ ਤੋਂ ਕੀਤੀ। ਉਹ ਹੋਰ ਪੜ੍ਹ ਕੇ ਸਰਕਾਰੀ ਅਫ਼ਸਰ ਲੱਗਣਾ ਚਾਹੁੰਦੇ ਸਨ ਪਰ ਗਿਆਨੀ ਕਰਤਾਰ ਸਿੰਘ ਦੀ ਪ੍ਰੇਰਣਾ ਮਗਰੋਂ ਉਹ ਪੰਚਾਇਤ ਸਮਿਤੀ ਲੰਬੀ ਦੇ ਚੇਅਰਮੈਨ ਚੁਣੇ ਗਏ। ਉਨ੍ਹਾਂ 1957 ਵਿੱਚ ਪਹਿਲੇ ਵੱਡੇ ਸਿਆਸੀ ਕਦਮ








ਤਹਿਤ ਮਲੋਟ ਹਲਕੇ ਤੋਂ ਪਹਿਲੀ ਦਫ਼ਾ ਵਿਧਾਨ ਸਭਾ ਚੋਣ ਜਿੱਤੀ। ਇਸ ਮਗਰੋਂ 1969 ਵਿੱਚ ਵੀ ਵਿਧਾਨ ਸਭਾ ਦੀ ਚੋਣ ਜਿੱਤੀ ਅਤੇ



ਅਕਾਲੀ-ਜਨਸੰਘ ਗੱਠਜੋੜ ਸਰਕਾਰ ਵਿੱਚ ਮੰਤਰੀ ਰਹੇ। ਉਨ੍ਹਾਂ ਦਾ ਵਿਆਹ ਸੁਰਿੰਦਰ ਕੌਰ ਵਾਸੀ ਚੱਕ ਫਤਹਿ ਸਿੰਘ ਵਾਲਾ ਨਾਲ ਹੋਇਆ। ਉਹ ਪਹਿਲੀ ਵਾਰ 1970 ਵਿੱਚ ਪੰਜਾਬ ਦੇ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਚੁਣੇ ਗਏ। ਉਹ ਪੰਜ ਵਾਰ ਮੁੱਖ ਮੰਤਰੀ ਰਹੇ। ਉਹ ਮਲੋਟ, ਗਿੱਦੜਬਾਹਾ ਤੇ ਲੰਬੀ ਹਲਕੇ ਤੋਂ ਦਸ ਵਾਰ ਵਿਧਾਇਕ ਚੁਣੇ ਗਏ। ਉਨ੍ਹਾਂ ਪੰਜਾਬ ਦੇ ਹਿੱਤਾਂ ਲਈ ਜੇਲ੍ਹ ਵੀ ਕੱਟੀ। ਉਹ 1995 ਤੋਂ 31 ਜਨਵਰੀ 2008 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਰਹੇ। ਉਨ੍ਹਾਂ ਅਕਾਲੀ ਦਲ ਨੂੰ ਹਰੇਕ ਔਖੀ ਘੜੀ ਵਿੱਚੋਂ ਬੇਬਾਕੀ ਨਾਲ ਕੱਢ ਕੇ ਮੁੜ ਤੋਂ ਸਿਖ਼ਰ ਤੱਕ ਪਹੁੰਚਾਇਆ। ਸ੍ਰੀ ਬਾਦਲ 11 ਦਸੰਬਰ 2011 ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਪੰਥ ਰਤਨ 'ਫ਼ਖਰ-ਏ-ਕੌਮ' ਨਾਲ ਸਨਮਾਨਤ ਕੀਤੇ ਗਏ। ਉਨ੍ਹਾਂ ਨੂੰ ਭਾਰਤ ਸਰਕਾਰ ਵੱਲੋਂ 2015 'ਚ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪਰਿਵਾਰ 'ਤੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕੀਤਾ ਸੀ ਪਰ ਸੱਤ ਸਾਲ ਦੇ ਅਰਸੇ ਮਗਰੋਂ ਉਹ ਮੁਹਾਲੀ ਅਦਾਲਤ ਵਿੱਚੋਂ ਬਾ-ਇੱਜ਼ਤ ਬਰੀ ਹੋ ਗਏ। ਪ੍ਰਕਾਸ਼ ਸਿੰਘ ਬਾਦਲ ਖੁਦ ਦਿਨ ਵਿਚ ਨਿੱਤਨੇਮ ਅਤੇ ਨਾਮ ਸਿਮਰਨ ਕਰਦੇ ਸਨ। ਵਡੇਰੀ ਉਮਰ 'ਚ ਨਿੱਤ ਕਸਰਤ ਕਰਨਾ ਉਨ੍ਹਾਂ ਦੇ ਅਖ਼ੀਰਲੇ ਦਿਨਾਂ ਤੱਕ ਜ਼ਿੰਦਗੀ ਦਾ ਹਿੱਸਾ ਰਿਹਾ।

## ਹੈਰੀਟੇਜ ਸਟਰੀਟ ਨਾਲ ਅੰਮ੍ਰਿਤਸਰ ਸ਼ਹਿਰ ਦੀ ਬਦਲੀ ਸੀ ਨੁਹਾਰ

ਅੰਮ੍ਰਿਤਸਰ (ਲਾਂਬਾ)-ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਵਿੱਚ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਅਕਾਲੀ-ਭਾਜਪਾ ਸਰਕਾਰ ਵੇਲੇ ਕੀਤੇ ਗਏ ਕਾਰਜ ਸ਼ਾਹਦੀ ਭਰਦੇ ਹਨ ਕਿ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਗੁਰੂ ਨਗਰੀ ਦੇ ਵਿਕਾਸ ਲਈ ਦਿਲੋਂ ਕੰਮ ਕੀਤਾ। ਉਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਰਸਤੇ ਨੂੰ ਸੁੰਦਰ ਬਣਾਉਣ ਵਾਸਤੇ ਹੈਰੀਟੇਜ ਸਟਰੀਟ ਬਣਾਈ ਗਈ। ਲਗਭਗ 800 ਮੀਟਰ ਲੰਬੇ ਇਸ ਰਸਤੇ ਨੂੰ ਪੁਰਾਤਨ ਦਿੱਖ ਦੇਣ ਦਾ ਯਤਨ ਕੀਤਾ ਗਿਆ। ਇਸ ਤਹਿਤ ਟਾਊਨ ਹਾਲ ਤੋਂ ਜੱਲ੍ਹਿਆਂਵਾਲਾ ਬਾਗ ਅਤੇ ਸ੍ਰੀ ਹਰਿਮੰਦਰ ਸਾਹਿਬ ਤੱਕ ਹੈਰੀਟੇਜ ਸਟਰੀਟ ਬਣਾਈ ਗਈ ਜੋ ਇਥੇ ਆਉਣ ਵਾਲੇ ਸ਼ਰਧਾਲੂਆਂ ਅਤੇ ਯਾਤਰੀਆਂ ਵਾਸਤੇ ਵਿਸ਼ੇਸ਼ ਖਿੱਚ ਦਾ ਕੇਂਦਰ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਵਿਸ਼ੇਸ਼ ਪ੍ਰਵੇਸ਼ ਦੁਆਰ ਪਲਾਜ਼ਾ ਬਣਾਇਆ ਗਿਆ ਜਿਥੇ ਸੰਗਮਰਮਰ,



ਫੁਹਾਰੇ ਅਤੇ ਸੁੰਦਰ ਲਾਈਟਾਂ ਲਗਾਈਆਂ ਗਈਆਂ। ਸ੍ਰੀ ਹਰਿਮੰਦਰ ਸਾਹਿਬ ਅਤੇ ਸਿੱਖ ਇਤਿਹਾਸ ਨੂੰ ਦਰਸਾਉਣ ਲਈ ਪ੍ਰਵੇਸ਼ ਦੁਆਰ ਪਲਾਜ਼ਾ ਦੇ ਹੇਠਾਂ ਵਿਆਖਿਆ ਕੇਂਦਰ ਦੀ ਸਥਾਪਨਾ ਕੀਤੀ ਗਈ। ਇਸੇ ਤਰ੍ਹਾਂ ਸਿੱਖ ਸੈਨਿਕਾਂ ਦੀ ਬਹਾਦਰੀ ਨੂੰ ਦਰਸਾਉਂਦਾ ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਅਤੇ ਮਿਊਜ਼ੀਅਮ ਅਟਾਰੀ ਰੋਡ 'ਤੇ ਸਥਾਪਤ ਕੀਤਾ ਗਿਆ, ਜਿਸ ਵਿੱਚ ਸਥਾਪਤ ਅੱਠ ਗੈਲਰੀਆਂ ਵਿਚ ਗੁਰੂਕਾਲ ਅਤੇ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਕਾਰਗਿਲ ਜੰਗ ਤੱਕ ਦੀਆਂ ਜੰਗਾਂ ਨੂੰ ਦਰਸਾਉਣ ਦਾ ਯਤਨ ਕੀਤਾ ਗਿਆ ਹੈ। ਟਾਊਨ ਹਾਲ ਦੀ ਪੁਰਾਤਨ ਇਮਾਰਤ ਵਿਚ ਭਾਰਤ-ਪਾਕਿਸਤਾਨ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਊਜ਼ੀਅਮ ਸਥਾਪਤ ਕੀਤਾ ਗਿਆ ਹੈ। ਲਗਭਗ ਪੰਜ ਸੌ ਪੰਤਾਲੀ ਕਰੋੜ ਰੁਪਏ ਦੀ ਲਾਗਤ ਨਾਲ ਇਸ ਸ਼ਹਿਰ ਵਿਚ ਲੋਕਾਂ ਦੀ ਆਵਾਜਾਈ ਵਾਸਤੇ ਬੀਆਰਟੀਐੱਸ ਬੱਸ ਸੇਵਾ ਦੇ ਰੂਪ ਵਿਚ ਜਨਤਕ ਟਰਾਂਸਪੋਰਟ ਸਥਾਪਤ ਕੀਤੀ ਗਈ। ਇਸ ਦੌਰਾਨ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ ਗੋਬਿੰਦਗੜ੍ਹ ਕਿਲ੍ਹੇ ਦਾ ਨਵੀਨੀਕਰਨ ਕਰ ਕੇ ਇਸ ਨੂੰ ਆਮ ਲੋਕਾਂ ਲਈ ਖੋਲ੍ਹਿਆ ਗਿਆ। ਪਿੰਡਾਂ ਦੀ ਵਿਰਾਸਤ ਨੂੰ ਦਿਖਾਉਣ ਲਈ ਸ਼ਹਿਰ ਵਿਚ 'ਸਾਡਾ ਪਿੰਡ' ਸਥਾਪਤ ਕੀਤਾ ਗਿਆ। ਸ਼ਹਿਰ ਵਿਚ ਹੈਰੀਟੇਜ ਵਾਕ ਅਤੇ ਪੰਜ ਸਰੋਵਰ ਯਾਤਰਾ ਸ਼ੁਰੂ ਕੀਤੀ ਗਈ। ਇਸੇ ਤਰ੍ਹਾਂ ਹਰੀਕੇ ਜਲਗਾਹ ਨੂੰ ਵਿਸ਼ੇਸ਼ ਯਾਤਰੀ ਸਥਾਨ ਬਣਾਉਣ ਵਾਸਤੇ ਉਥੇ ਪਾਣੀ ਵਿੱਚ ਚੱਲਣ ਵਾਲੀ ਬੱਸ ਦੀ ਸ਼ੁਰੂਆਤ ਕੀਤੀ ਗਈ ਸੀ ਜਿਸ ਨੂੰ ਕਾਂਗਰਸ ਸਰਕਾਰ ਵੇਲੇ ਬੰਦ ਕਰਵਾ ਦਿੱਤਾ ਗਿਆ।


# ਸੁਪਰ ਵੀਜ਼ਾ ਇੰਸ਼ੋਰੈਂਸ

ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*

• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ

• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ

ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ

*YOUR INSURANCE ADVISOR*

**JATINDER SINGH BHATIA**

**Former Advocate (India)**

ਜਤਿੰਦਰ ਸਿੰਘ ਭਾਟੀਆ

**778.848.1287**

jatinder.insurance@hotmail.com

14768-69A Ave, SURREY BC

*WITH DEDUCTIBLE.



# India Bookworld

Shop Online At:

www.indiabookworld.ca

## ਕਿਤਾਬਾਂ ਹੀ ਕਿਤਾਬਾਂ

ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




**604-593-5967 | 604-595-2923**

Follow us at #

#117B-12888 - 80 Ave., Surrey

E: info@indiabookworld.ca



# idea immigration

## SUPER VISAS & PNPs

## ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ

iccrc crcic

CANADA IMMIGRATION

- Specialist in marriage appeals & residency appeals
- Under express entry program applicant can come to Canada within 6 month. For assessments you can visit or call.
- Immigration under investment programme

• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ

• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ

• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?

ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?

ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?

...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।

**Navneet Sharma 778-320-0620**

**Ph:604-597-1119 | Fax:604-593-5099**

#209-7928, 128st. Surrey BC V3W 4E8

info@ideaimmigration.com | www.ideaimmigration.com





# ਦਸਵੇਂ ਮਾਂ ਬੋਲੀ ਅੰਤਰਰਾਸ਼ਟਰੀ ਪੰਜਾਬੀ ਫ਼ਿਲਮ ਮੇਲੇ ਨੂੰ ਦਰਸ਼ਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ

ਸਰੀ (ਹਰਦਮ ਮਾਨ)-ਦਸਵੇਂ ਮਾਂ ਬੋਲੀ ਅੰਤਰਰਾਸ਼ਟਰੀ ਪੰਜਾਬੀ ਫਿਲਮ ਮੇਲੇ ਦਾ ਸਮਾਪਤੀ ਸਮਾਰੋਹ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਵਿਚ ਹੋਇਆ ਜਿਸ ਵਿਚ ਕਲਾ ਫਿਲਮ ਪ੍ਰੇਮੀਆਂ, ਵਿਦਵਾਨਾਂ ਅਤੇ ਫਿਲਮ ਖੇਤਰ ਨਾਲ ਸੰਬੰਧਤ ਸ਼ਖ਼ਸੀਅਤਾਂ ਨੇ ਭਾਗ ਗਿਆ।

ਸਮਾਰੋਹ ਵਿਚ ਪੁੱਜੀਆਂ ਸ਼ਖ਼ਸੀਅਤਾਂ ਦਾ ਸਵਾਗਤ ਕਰਦਿਆਂ ਫਿਲਮ ਮੇਲੇ ਦੇ ਨਿਰਦੇਸ਼ਕ ਨਵਲਪ੍ਰੀਤ ਰੰਗੀ ਨੇ ਇਸ ਮੇਲੇ ਵਿਚ ਦਿਖਾਈਆਂ ਪੰਜਾਬੀ ਲਘੂ ਫਿਲਮਾਂ ਅਤੇ ਡਾਕੂਮੈਂਟਰੀ ਫਿਲਮਾਂ ਬਾਰੇ ਦੱਸਿਆ ਅਤੇ ਕਿਹਾ ਕਿ ਕਲਾ ਨਾਲ ਪ੍ਰੇਮ ਕਰਨ ਵਾਲੇ ਦਰਸ਼ਕਾਂ ਨੇ ਇਸ ਮੇਲੇ ਨੂੰ ਭਰਪੂਰ ਹੁੰਗਾਰਾ ਦਿੱਤਾ। ਇਸ ਮੇਲੇ ਵਿਚ ਔੜੇ ਤੋਂ ਔੜੇ ਤੱਕ, ਕਸੌਲੀ ਵਾਲਾ ਘਰ, ਵਿਰਲਾ, ਛੋਟਾ ਸਰਦਾਰ, ਮੁਕਤੀ, ਵਾਘਿਓਂ ਪਾਰ, ਡਰ, ਦੁਮੇਲ, ਸੱਚਾ ਪਿਆਰ, ਨਵਾਂ ਰੁਭ, ਆਖਰੀ ਫਸਲ ਅਤੇ ਹੋਰ ਕਈ ਲਘੂ ਫਿਲਮਾਂ ਦਿਖਾਈਆਂ ਗਈਆਂ। ਇਸ ਮੌਕੇ ਲਹਿੰਦੇ ਪੰਜਾਬ ਦੇ ਵਿਦਵਾਨ ਰਾਣਾ ਅਹਿਮਦ ਨੇ ਪੰਜਾਬੀ ਫਿਲਮਾਂ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਕਿਹਾ ਕਿ ਲਹਿੰਦੇ ਪੰਜਾਬ ਦੀ 'ਮੌਲਾ ਜੱਟ' ਅਤੇ ਚੜ੍ਹਦੇ ਪੰਜਾਬ ਦੀ 'ਜੀ ਆਇਆਂ ਨੂੰ' ਫਿਲਮ ਨੇ ਪੰਜਾਬੀ ਫਿਲਮ ਇੰਡਸਟਰੀ ਨੂੰ ਮੌਜੂਦਾ ਪੱਧਰ ਤੇ ਪੁਚਾਉਣ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ। ਉਨ੍ਹਾਂ ਤਾਜ਼ਾ ਸਥਿਤੀ ਦੀ ਗੱਲ ਕਰਦਿਆਂ ਕਿਹਾ ਕਿ ਲਹਿੰਦੇ ਪੰਜਾਬ ਵਿਚ ਤਾਂ ਪੰਜਾਬੀ ਫਿਲਮ ਇੰਡਸਟਰੀ ਮਾਯੂਸੀ ਦੇ ਆਲਮ ਵਿਚ ਹੈ ਅਤੇ ਦੂਜੇ ਪਾਸੇ ਚੜ੍ਹਦੇ ਪੰਜਾਬ ਦੀਆਂ ਪੰਜਾਬੀ ਫਿਲਮਾਂ ਗਾਇਕਾਂ ਅਤੇ ਕਮੇਡੀਅਨਾਂ ਤੱਕ ਸੀਮਤ ਹੋ ਕੇ ਰਹਿ ਗਈਆਂ ਹਨ। ਮੰਚ ਸੰਚਾਲਕ ਮੋਹਨ ਗਿੱਲ, ਬਲਦੇਵ ਸਿੰਘ ਬਾਠ, ਡਾ. ਪ੍ਰਿਥੀਪਾਲ ਸਿੰਘ ਸੋਹੀ, ਹਰਿਦਰ ਕੌਰ ਸੋਹੀ, ਡਾ. ਰਿਸ਼ੀ ਸਿੰਘ, ਐਸ. ਅਸ਼ੋਕ ਭੌਰਾ, ਇੰਦਰਜੀਤ ਬੈਂਸ, ਪ੍ਰਭਜੋਤ ਕੌਰ ਪਰਮਾਰ, ਦੇਵ ਢਿੱਲੋਂ, ਬਲਜੀਤ, ਸਰਬਜੀਤ ਕੌਰ, ਹਰਮਨ ਸਿੰਘ ਪੰਧੇਰ, ਸਿਮਰਨ, ਤਨਰੋਜ਼, ਰਾਜਿੰਦਰ ਸਿੰਘ ਪੰਧੇਰ, ਜਰਨੈਲ ਸਿੰਘ ਆਰਟਿਸਟ, ਜਰਨੈਲ ਸਿੰਘ ਸੇਖਾ ਅਤੇ ਗਾਇਕ ਸ਼ੀਰਾ ਜਸਵੀਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਨਵਲਪ੍ਰੀਤ ਰੰਗੀ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੇਲੇ ਦੌਰਾਨ ਜਰਨੈਲ ਸਿੰਘ ਆਰਟਿਸਟ ਵੱਲੋਂ ਛੇ ਦਿਨਾਂ ਚਿੱਤਰ ਪ੍ਰਦਰਸ਼ਨੀ ਲਾਈ ਗਈ। ਵਿਸਾਖੀ ਤੇ ਸਿੱਖ ਵਿਰਾਸਤੀ ਮਹੀਨੇ ਨੂੰ ਸਮਰਪਿਤ ਇਸ ਪ੍ਰਦਰਸ਼ਨੀ ਵਿਚ 12 ਚਿਤਰਕਾਰਾਂ ਨੇ ਆਪਣੀ ਕਲਾ ਰਾਹੀਂ ਬਹੁਪੱਖੀ ਤੇ ਵੱਖ ਵੱਖ ਵਿਸ਼ਾ ਵਸਤੂ ਚਿੱਤਰਾਂ ਦਾ ਪ੍ਰਦਰਸ਼ਨ ਕੀਤਾ। ਚਿਤਰਕਾਰ ਜਰਨੈਲ ਸਿੰਘ ਦੇ ਹਰਮਨ ਪਿਆਰੇ ਪੰਜਾਬੀ ਸਭਿਆਚਾਰ ਦੇ ਚਿਤਰ, ਸਿੱਖ ਇਤਿਹਾਸ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਨਦਾਰ ਦਰਬਾਰ ਦੀ ਮੂੰਹੋਂ ਬੋਲਦੀ ਪੇਸ਼ਕਾਰੀ ਦਰਸ਼ਕਾਂ ਦੀ ਖਿਚ ਦਾ ਕੇਂਦਰ ਰਹੀ। ਚਿੱਤਰ ਪ੍ਰਦਰਸ਼ਨੀ ਵਿਚ ਬਲਜੀਤ ਕੌਰ ਦੇ ਭਾਰਤੀ ਨਾਰੀ ਦੇ ਵੱਖੋ ਵੱਖਰੇ ਮਨੋਭਾਵਾ, ਨੀਤੀ ਸਿੰਘ ਦੇ ਪੋਰਟਰੇਟ ਚਿਤਰਣ ਦੀ ਬਹੁਤ ਉਤਮ ਪੇਸ਼ਕਾਰੀ ਅਤੇ ਜੇ ਪਨੇਸਰ ਦਾ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੀ ਫੋਟੋ ਵਿਚ ਬਹੁਤ ਹੀ ਨਿਵੇਕਲਾ ਦ੍ਰਿਸ਼ ਰਵਾਇਤੀ ਪੇਸ਼ਕਾਰੀ ਤੋਂ ਬਿਲਕੁਲ ਵੱਖਰਾ ਸੀ। ਬਿੰਦੂ ਮਠਾਰੂ ਦੇ ਚਿਤਰ ਗੁਰਬਾਣੀ ਦੀ ਅੱਖਰਕਾਰੀ ਖ਼ੂਬਸੂਰਤ ਸੁਹਾਵਣੇ ਰੰਗ ਅਤੇ ਪੋਰਟਰੇਟ ਚਿਤਰਣ ਵਿਚ ਬਲਵਿੰਦਰ ਸਿੰਘ ਦਾ ਕੰਮ ਵੀ ਬਹੁਤ ਪ੍ਰਭਾਵਸ਼ਾਲੀ ਸੀ। ਰਿਤੂ ਸਿੰਘ ਦੇ ਚਿਤਰ ਵਿਚ ਕੈਨੇਡੀਅਨ ਮੂਲਵਾਸੀਆਂ ਦੇ ਸਭਿਆਚਾਰ ਟੋਟਮ ਪੋਲ ਦੀ ਦ੍ਰਿਸ਼ਕਾਰੀ ਅਤੇ ਵਰਿੰਦਰ ਮੌੜ ਦੇ ਚਾਰ ਛੋਟੇ ਚਿਤਰ ਅਪਣੀ ਬਾਰੀਕਬੀਨੀ ਨਾਲ ਪ੍ਰਭਾਵਤ ਕਰਦੇ ਸਨ। ਤੇਜਪਾਲ ਸਿੰਘ ਮਾਨ ਦਾ ਚਿਤਰ ਪੋਰਟਰੇਟ ਤੇ ਕਰੋਨਾ ਕਾਲ ਦੀ ਤਬਾਹੀ ਨਿਵੇਕਲੇ ਢੰਗ ਨਾਲ ਰੂਪਮਾਨ ਸਨ। ਸਭ ਤੋਂ ਛੋਟੀ ਉਮਰ ਦੇ ਚਿਤਰਕਾਰ ਬੀਰ ਯੁਵਰਾਜ ਸਿੰਘ ਦਾ ਚਿਤਰ ਭਵਿੱਖ ਵਿਚ ਵਧੀਆ ਚਿਤਰਕਾਰ ਬਣਨ ਦਾ ਸੰਕੇਤ ਕਰ ਰਿਹਾ ਸੀ। ਦਰਸ਼ਕਾਂ ਨੇ ਛੇ ਦਿਨ ਇਸ ਪ੍ਰਦਰਸ਼ਨੀ ਦਾ ਭਰਪੂਰ ਅਨੰਦ ਮਾਣਿਆ।









IT'S A HEALTH ISSUE,
NOT A RACE ISSUE.

Don't turn a blind eye. COVID-19 affects us all.
Racism doesn't have to.

healthnothate.com #HealthNotHate

REAL ESTATE BUY & SELL
KULWANT ATWAL 604-716-2135

MORTGAGES 1st, 2nd or Private
BHAJAN ATWAL 604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House
To Sell & Save
Thousands Dollars
& Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਆਰ.ਸੀ.ਐਮ.ਪੀ. ਬਨਾਮ ਮਿਊਂਸਪਲ ਪੁਲਿਸ ਦੇ ਮੁੱਦੇ ਉਪਰ ਸਰੀ ਦੀ ਮੇਅਰ ਤੇ ਵਿਰੋਧੀ ਕੌਂਸਲਰਾਂ ਵਲੋਂ ਇਕ ਦੂਸਰੇ 'ਤੇ ਦੂਸ਼ਣਬਾਜ਼ੀ

ਸਰੀ-ਸੇਫ ਸਰੀ ਕੁਲੀਸ਼ਨ ਦੇ ਦੋ ਕੌਂਸਲਰ ਮੇਅਰ ਬਰੈਂਡਾ ਲੌਕ ਅਤੇ ਆਰਸੀਐਮਪੀ 'ਤੇ ਦੋਸ਼ ਲਗਾ ਰਹੇ ਹਨ ਕਿ ਉਹ ਸਰੀ ਪੁਲਿਸ ਸਰਵਿਸ ਦੇ 33 ਤਜਰਬੇਕਾਰ ਅਫਸਰਾਂ ਦੀ ਤਾਇਨਾਤੀ ਨੂੰ ਰੋਕ ਕੇ ਜਨਤਕ ਸੁਰੱਖਿਆ ਨੂੰ ਖ਼ਤਰੇ ਵਿਚ ਪਾ ਰਹੇ ਹਨ। 24 ਅਪ੍ਰੈਲ ਨੂੰ ਇਕ ਪ੍ਰੈਸ ਰਿਲੀਜ ਵਿਚ ਐਸਐਸਸੀ ਨੇ ਦੋਸ਼ ਲਗਾਇਆ ਕਿ ਤਾਇਨਾਤੀ ਨੂੰ ਮੇਅਰ ਦੇ ਰਾਜਸੀ ਏਜੰਡੇ ਕਾਰਨ ਰੋਕਿਆ ਗਿਆ ਹੈ ਜਿਸ ਨਾਲ ਸਰੀ ਵਾਸੀਆਂ ਨੂੰ ਜ਼ੋਖ਼ਮ ਵਿਚ ਪਾਇਆ ਜਾ ਰਿਹਾ ਹੈ ਅਤੇ ਅਪਰਾਧ ਰੋਕਣ ਲਈ ਐਸਪੀਐਸ ਦੇ ਅਫਸਰਾਂ ਦੀ ਗਿਣਤੀ ਵਧਾਉਣ ਦੇ ਟੀਚੇ ਨੂੰ ਖ਼ਤਰੇ ਵਿਚ ਪਾਇਆ ਜਾ ਰਿਹਾ ਹੈ। ਕੌਂਸਲਰ ਡੱਗ ਐਲਫਰਡ ਨੇ ਦੋਸ਼ ਲਗਾਇਆ ਕਿ ਲੌਕ ਦੋਹਰਾ ਮਿਆਰ ਅਪਨਾ ਰਹੀ ਹੈ। ਇਕ ਪਾਸੇ ਸਰਕਾਰ ਤੋਂ ਜ਼ਿਆਦਾ ਪੁਲਿਸ ਦੀ ਮੰਗ ਕਰ ਰਹੀ ਹੈ ਜਦਕਿ ਦੂਸਰੇ ਪਾਸੇ 33 ਪੁਲਿਸ ਅਫਸਰਾਂ ਨੂੰ ਸ਼ਹਿਰ ਦੀਆਂ ਸੜਕਾਂ 'ਤੇ ਗਸ਼ਤ ਕਰਨ ਤੋਂ ਰੋਕ ਰਹੀ ਹੈ। ਅਸੀਂ ਸਰੀ ਵਾਸੀਆਂ ਦੀ ਰਾਖੀ ਲਈ ਹੋਰ ਪੁਲਿਸ ਅਫਸਰਾਂ ਦੀ ਤਾਇਨਾਤੀ ਦੀ ਵਕਾਲਤ ਕਰ ਰਹੇ ਹਾਂ ਅਤੇ 33 ਤਜਰਬੇਕਾਰ ਅਫਸਰਾਂ ਪਹਿਲਾਂ ਹੀ ਤਾਇਨਾਤ ਕੀਤੇ ਜਾਣ ਲਈ ਤਿਆਰ ਹਨ।




ਇਹ ਗੱਲ ਸਵੀਕਾਰ ਨਹੀਂ ਕੀਤਾ ਸਕਦੀ ਕਿ ਆਰਸੀਐਮਪੀ ਇਨ੍ਹਾਂ ਦੀ ਤਾਇਨਾਤੀ ਵਿਚ ਰੁਕਾਵਟਾਂ ਪਾਵੇ ਅਤੇ ਜਨਤਕ ਸੁਰੱਖਿਆ ਨੂੰ ਖ਼ਤਰਾ ਪੈਦਾ ਕਰੇ। ਐਲਫਰਡ ਨੇ ਕਿਹਾ ਕਿ ਸਰੀ ਵਾਸੀਆਂ ਦੀ ਸੁਰੱਖਿਆ ਰਾਜਨੀਤਕ ਪ੍ਰਾਪਤੀ ਲਈ ਕੋਈ ਸੌਦੇਬਾਜੀ ਵਾਲੀ ਚਿਪ ਨਹੀਂ। ਮੇਅਰ ਤੇ ਆਰਸੀਐਮਪੀ ਨੂੰ ਰਾਜਨੀਤੀ ਤੋਂ ਉੱਪਰ ਜਨਤਕ ਸੁਰੱਖਿਆ ਨੂੰ ਪਹਿਲ ਦੇਣੀ ਚਾਹੀਦੀ ਹੈ ਅਤੇ ਜ਼ੁਰਮ ਰੋਕਣ ਲਈ ਇਨ੍ਹਾਂ ਤਜਰਬੇਕਾਰ ਐਸਪੀਐਸ ਅਫਸਰਾਂ ਨੂੰ ਸਾਡੀਆਂ ਸੜਕਾਂ 'ਤੇ ਗਸ਼ਤ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ। ਕੌਂਸਲਰ ਮਨਦੀਪ ਨਾਗਰਾ ਨੇ ਐਸਪੀਐਸ ਅਫਸਰਾਂ ਦੀ ਤੁਰੰਤ ਤਾਇਨਾਤੀ ਦੀ ਮੰਗ ਕੀਤੀ ਹੈ। ਦੋਵੇਂ ਕੌਂਸਲਰਾਂ ਨੇ ਇਹ ਵੀ ਪ੍ਰਣ ਕੀਤਾ ਕਿ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਉਹ ਫੈਡਰਲ ਤੇ ਸੂਬਾ ਸਰਕਾਰਾਂ ਨੂੰ ਦਖਲਅੰਦਾਜ਼ੀ ਲਈ ਸੱਦਾ ਦੇਣਗੇ। ਦੂਸਰੇ ਪਾਸੇ ਮੇਅਰ ਲੌਕ ਨੇ ਕਿਹਾ ਕਿ ਅਫਸਰਾਂ ਦੀ ਤਾਇਨਾਤੀ ਬਾਰੇ ਫ਼ੈਸਲਾ ਤਿੰਨ ਧਿਰੀ ਕਮੇਟੀ ਕਰਦੀ ਹੈ। ਅਜਿਹਾ ਸੱਦਾ ਦੇ ਕੇ ਨਾਗਰਾ ਤੇ ਐਲਫਰਡ ਨੇ ਆਪਣੀ ਅਗਿਆਨਤਾ ਦਾ ਮੁਜ਼ਾਹਰਾ ਕੀਤਾ ਹੈ ਕਿਉਂਕਿ ਉਨ੍ਹਾਂ ਨੂੰ ਇਹੀ ਵੀ ਪਤਾ ਹੈ ਕਿ ਪੁਲਿਸ ਵਸੀਲਿਆਂ ਦੀ ਤਾਇਨਾਤੀ ਆਰਸੀਐਮਪੀ ਦੀ ਜ਼ਿੰਮੇਵਾਰੀ ਹੁੰਦੀ ਹੈ। ਨਾਗਰਾ ਤੇ ਐਲਫਰਡ ਸਿਰਫ ਰਾਜਨੀਤੀ ਕਰ ਰਹੇ ਹਨ।

## ਵਾਈਟ ਰੌਕ ਨੇ ਪ੍ਰਾਪਟੀ ਟੈਕਸ ਨੂੰ 6.59 ਫ਼ੀਸਦੀ ਤੱਕ ਵਾਧੇ ਤੱਕ ਕੀਤਾ ਸੀਮਤ

ਸਰੀ-ਵਾਈਟ ਰੌਕ ਆਪਣੇ ਪ੍ਰਾਪਰਟੀ ਟੈਕਸ ਨੂੰ 2023 ਲਈ 6.59 ਫ਼ੀਸਦੀ ਤਕ ਸੀਮਤ ਕਰਨ ਵਿਚ ਸਫਲ ਰਹੀ ਹੈ। ਕੌਂਸਲ ਨੇ 17 ਅਪ੍ਰੈਲ ਦੀ ਮੀਟਿੰਗ ਵਿਖੇ ਟੈਕਸ ਬਾਈਲਾਅ ਨੂੰ ਆਪਣੀ ਪਹਿਲੀ ਦੂਜੀ ਤੇ ਤੀਸਰੀ ਪੜ੍ਹਤ ਪੇਸ਼ ਕੀਤੀ। ਇਕ ਮਈ ਦੀ ਮੀਟਿੰਗ ਵਿਚ ਇਸ ਨੂੰ ਅਪਨਾ ਲੈਣ ਦੀ ਆਸ ਹੈ। ਇਕ ਇਕੱਲੇ ਪਰਿਵਾਰ ਵਲੋਂ ਅਦਾ ਕੀਤਾ ਜਾਣ ਵਾਲਾ ਵਾਧਾ 261 ਡਾਲਰ ਹੋਵੇਗਾ ਜਦਕਿ ਔਸਤ ਪਰਿਵਾਰ ਦੇ ਘਰ ਦੇ ਮਾਲਕ ਨੂੰ 97 ਡਾਲਰ ਵਧੇਰੇ ਅਦਾ ਕਰਨੇ ਪੈਣਗੇ। ਵਿੱਤੀ ਸੇਵਾਵਾਂ ਬਾਰੇ ਡਾਇਰੈਕਟਰ ਕੈਂਡਿਸ ਗਾਰਟਰੀ ਨੇ ਕੌਂਸਲ ਨੂੰ ਦੱਸਿਆ ਕਿ 27 ਮਾਰਚ ਦੀ ਵਿੱਤ ਤੇ ਆਡਿਟ ਕਮੇਟੀ ਦੀ ਆਖਰੀ ਮੀਟਿੰਗ ਵਿਚ ਵਾਧਾ 7.02 ਤੋਂ ਘਟਾ ਕੇ 6.59 ਫ਼ੀਸਦੀ ਕੀਤਾ ਗਿਆ ਸੀ। ਉਸ ਨੇ ਦੱਸਿਆ ਕਿ ਇਸ ਵਿਚ ਹੋਰ ਕਮੀ ਸੋਧੇ (ਪ੍ਰਾਪਟੀ ਟੈਕਸ) ਨਾਲ ਸਬੰਧਤ ਵਾਧੂ ਅਨੁਮਾਨਿਤ ਗੈਰਮਾਰਕੀਟ ਚੇਂਜ ਰੈਵੀਨਿਊ ਦਾ ਨਤੀਜਾ ਹੈ।

## ਫੈਂਟਾਨਿਲ ਤੇ ਮੇਥਮਫੇਟਾਮਈਨ ਦੇ ਡੀਲਰ ਨੂੰ ਘਰ ਵਿਚ ਨਜ਼ਰਬੰਦ ਰੱਖਣ ਦੀ ਸਜ਼ਾ

ਸਰੀ-ਸਰੀ ਪ੍ਰੋਵਿੰਸ਼ੀਅਲ ਕੋਰਟ ਦੇ ਜੱਜ ਨੇ ਇਕ ਔਰਤ ਜਿਸ ਨੇ ਤਸਕਰੀ ਦੇ ਮਕਸਦ ਵਾਲਾ ਫੈਂਟਾਨਿਲ ਤੇ ਮੇਥਮਫੇਟਾਮਾਈਨ ਨਸ਼ੀਲਾ ਪਦਾਰਥ ਕੋਲ ਰੱਖਣ ਦਾ ਦੋਸ਼ ਸਵੀਕਾਰ ਕਰ ਲਿਆ ਨੂੰ 22 ਮਹੀਨੇ ਘਰ ਵਿਚ ਨਜ਼ਰਬੰਦ ਰੱਖਣ ਦੀ ਸਜ਼ਾ ਸੁਣਾਈ ਹੈ। ਜੱਜ ਮਾਰਕ ਜੇਟੇ ਨੇ ਸੋਚਿਆ ਕਿ 58 ਸਾਲਾ ਔਰਤ ਨਾਲ ਕੀ ਕੀਤਾ ਜਾਵੇ ਜਿਹੜੀ ਸਾਰੀ ਉਮਰ ਇਕ ਤੋਂ ਬਾਅਦ ਇਕ ਰੁਕਾਵਟ ਨਾਲ ਲੜਦੀ ਰਹੀ ਅਤੇ ਜਿਸ ਦਾ ਪੁੱਤਰ ਜ਼ਹਿਰੀਲਾ ਪਦਾਰਥ ਖਾਣ ਨਾਲ ਮਰ ਗਿਆ ਅਤੇ ਘਰ ਬੈਠ ਕੇ ਹੀ ਨਸ਼ੀਲੇ ਪਦਾਰਥ ਵੇਚਦੀ ਰਹੀ। ਭਾਵੇਂ ਅਪ੍ਰੈਲ 2020 ਵਿਚ ਉਸ ਦੀ ਗ੍ਰਿਫ਼ਤਾਰੀ ਤੋਂ ਕੁਝ ਮਹੀਨੇ ਬਾਅਦ ਉਸ ਦਾ ਪੁੱਤਰ ਮਰ ਗਿਆ ਪਰ ਇਹ ਸਵਾਲ ਨਹੀਂ ਉਠਾਇਆ ਜਾ ਸਕਦਾ ਹੈ ਕਿ ਮਿਸ ਕੋਪਿਕ ਨੂੰ ਇਹ ਪਤਾ ਸੀ ਕਿ ਉਹ ਕੀ ਕਰ ਰਹੀ ਹੈ ਅਤੇ ਉਸ ਨੂੰ ਇਹ ਪਤਾ ਸੀ ਕਿ ਜਿਹੜੀ ਚੀਜ਼ ਉਹ ਵੇਚ ਰਹੀ ਹੈ ਉਹ ਜਾਨਲੇਵਾ ਸਾਬਤ ਹੋ ਸਕਦੀ ਹੈ। ਜੇਟੇ ਨੇ ਡਾਨ ਮਾਈਕਲ ਕੋਪਿਕ ਨੂੰ 12 ਮਹੀਨੇ ਪ੍ਰੋਬੇਸ਼ਨ ਦੀ ਵੀ ਸਜ਼ਾ ਦਿੱਤੀ। ਜੱਜ ਨੇ ਦੇਖਿਆ ਕਿ ਮਿਸ ਕੋਪਿਕ ਇਕ ਕਮਜ਼ੋਰ ਤੇ ਭੋਲੀ ਔਰਤ ਹੈ। ਪੁਲਿਸ ਨੇ ਉਸ ਕੋਲੋਂ ਕੁਲ 28.25 ਗ੍ਰਾਮ ਫੈਂਟਾਨਿਲ ਅਤੇ 185.75 ਗ੍ਰਾਮ ਮੇਥਮਫੇਟਾਮਾਈਨ ਨਸ਼ੀਲਾ ਪਦਾਰਥ ਬਰਾਮਦ ਕੀਤਾ ਸੀ। ਜ਼ਬਤ ਕੀਤੇ ਫੈਂਟਾਨਿਲ ਦੀ ਬਾਜ਼ਾਰ ਵਿਚ ਕੀਮਤ ਲਗਪਗ 4360 ਡਾਲਰ ਅਤੇ ਮੇਥਮਲਫੇਟਾਮਾਈਨ ਦੀ 5600 ਡਾਲਰ ਸੀ। ਉਸ ਕੋਲੋਂ 14600 ਕੈਨੇਡੀਅਨ ਡਾਲਰ ਤੇ 275 ਅਮਰੀਕੀ ਡਾਲਰ ਵੀ ਬਰਾਮਦ ਕੀਤੇ ਗਏ ਸਨ। ਅਦਾਲਤ ਨੂੰ ਦੱਸਿਆ ਕਿ ਕੋਪਿਕ ਨੇ ਪੁਲਿਸ ਕੋਲ ਮੰਨਿਆਂ ਕਿ ਉਹ ਘਰ ਤੋਂ ਹੀ ਨਸ਼ੀਲੇ ਪਦਾਰਥ ਵੇਚ ਰਹੀ ਸੀ ਅਤੇ ਇਕ ਦਿਨ ਵਿਚ ਲਗਪਗ ਪੰਜ ਲੋਕਾਂ ਨੂੰ ਮੁਹੱਈਆ ਕਰ ਰਹੀ ਸੀ।

## 2023 ਦੇ ਅੰਤ ਤੱਕ ਕੈਨੇਡਾ ਵਿਚ ਘਰ ਦੀ ਔਸਤ ਕੀਮਤ 4.8 ਫ਼ੀਸਦੀ ਘਟਣ ਦੀ ਆਸ

ਓਟਵਾ-ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ (ਸੀਆਰਈਏ) ਨੇ ਸੰਕੇਤ ਦਿੱਤਾ ਕਿ ਉਹ ਇਸ ਸਾਲ ਦੇ ਅਖੀਰ ਤਕ ਸਮੁੱਚੇ ਕੈਨੇਡਾ ਵਿਚ ਘਰਾਂ ਦੀ ਔਸਤ ਕੀਮਤ 4.8 ਫ਼ੀਸਦੀ ਘਟਣ ਦੀ ਆਸ ਕਰਦੇ ਹਨ। ਇਸ ਫ਼ੀਸਦੀ ਗਿਰਾਵਟ ਦੀ 2022 ਦੇ ਅਖੀਰ ਵਿਚ ਘਰਾਂ ਦੀ ਔਸਤ ਕੀਮਤ ਨਾਲ ਤੁਲਨਾ ਕੀਤੀ ਗਈ ਹੈ। ਸੀਆਰਈਏ ਦੇ ਅਨੁਮਾਨਾਂ ਦੇ ਆਧਾਰ 'ਤੇ ਘਰ ਖਰੀਦਣ ਦੀ ਪ੍ਰਕਿਰਿਆ ਸਾਰੇ ਕੈਨੇਡੀਅਨਾਂ ਲਈ ਜ਼ਿਆਦਾ ਕਿਫਾਇਤੀ ਹੋ ਜਾਵੇਗੀ ਜਿਨ੍ਹਾਂ ਵਿਚ ਇਸ ਦੇਸ਼ ਵਿਚ ਪਹੁੰਚ ਰਹੇ ਨਵੇਂ ਪ੍ਰਵਾਸੀ ਵੀ ਸ਼ਾਮਿਲ ਹਨ।




ਕੈਨੇਡੀਅਨ ਸਰਕਾਰ ਦਾ ਤਾਜ਼ਾ ਕਦਮ ਦੇਸ਼ ਭਰ ਵਿਚ ਨਵੇਂ ਆਏ ਲੋਕਾਂ ਲਈ ਆਪਣੇ ਪਹਿਲੇ ਘਰ ਲਈ ਬਚਤ ਨੂੰ ਸੌਖਾ ਬਣਾ ਦੇਵੇਗਾ। ਇਹ ਤਾਜ਼ਾ ਕਦਮ ਹੈ ਨਵਾਂ ਟੈਕਸ ਮੁਕਤ ਪਹਿਲਾ ਹੋਮ ਸੇਵਿੰਗ ਖਾਤਾ (ਐਫਐਚਐਸਏ) ਇਸ ਸਾਲ ਪਹਿਲੀ ਅਪ੍ਰੈਲ ਤੋਂ ਕੈਨੇਡੀਅਨ ਵਿੱਤੀ ਸੰਸਥਾਵਾਂ ਯੋਗ ਕੈਨੇਡੀਅਨ ਨਾਗਰਿਕਾਂ ਅਤੇ ਪਰਮਾਨੈਂਟ ਰੈਜ਼ੀਡੈਂਟਸ ਲਈ ਨਵੀਂ ਕਿਸਮ ਦੇ ਬਚਤ ਖਾਤੇ ਦੀ ਪੇਸ਼ ਕਰ ਰਹੀਆਂ ਹਨ। ਐਫਐਚਐਸਏ ਲਈ ਯੋਗ ਹੋਣ ਵਾਸਤੇ ਖਾਤਾਧਾਰਕ ਕੈਨੇਡੀਅਨ ਵਸਨੀਕ ਹੋਵੇ ਅਤੇ ਉਸ ਦੀ ਉਮਰ 17 ਸਾਲ ਤੋਂ ਵੱਧ ਹੋਵੇ ਜਿਹੜਾ ਆਪਣਾ ਪਹਿਲਾ ਘਰ ਖਰੀਦਣ ਦੀ ਭਾਲ ਵਿਚ ਹੈ। ਇਸ ਖਾਤੇ ਰਾਹੀਂ ਪ੍ਰਤੀ ਸਾਲ ਵੱਧ ਤੋਂ ਵੱਧ 8000 ਡਾਲਰ ਨਾਲ ਪੰਜ ਸਾਲ ਤਕ 40000 ਡਾਲਰ ਦੀ ਕਰ ਮੁਕਤ ਬਚਤ ਕੀਤੀ ਜਾ ਸਕਦੀ ਹੈ। ਸਰਕਾਰ ਆਸ ਕਰ ਰਹੀ ਹੈ ਕਿ ਇਸ ਨਾਲ ਕੈਨੇਡੀਅਨਾਂ ਨੂੰ ਘਰ ਦੀ ਡਾਊਨ ਪੇਮੈਂਟ (ਪੇਸ਼ਗੀ ਰਕਮ) ਦੀ ਬਚਤ ਕਰਨ ਦੇ ਯਤਨਾਂ ਵਿਚ ਮਦਦ ਮਿਲੇਗੀ।

## ਹੋਪ ਨੇੜੇ ਹਾਈਵੇਅ ਵੰਨ ਤੇ ਸੇਮੀ ਟਰੱਕ ਦੁਰਘਟਨਾ ਵਿਚ ਇਕ ਵਿਅਕਤੀ ਦੀ ਮੌਤ

ਵੈਨਕੂਵਰ-ਬੀਤੇ ਦਿਨੀ ਹੰਟਰ ਕਰੀਕ ਰੋਡ ਨੇੜੇ ਤਿੰਨ ਮੋਟਰ ਗੱਡੀਆਂ ਦੀ ਟੱਕਰ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ। ਇਕ ਟਰੈਕਟਰ ਟਰੇਲਰ ਨੇ ਮਿਨੀ ਟਰੱਕ ਦੇ ਪਿੱਛੇ ਟੱਕਰ ਮਾਰੀ ਜਿਹੜਾ ਇਕ ਡੰਪ ਟਰੱਕ ਨਾਲ ਟਕਰਾ ਗਿਆ। ਇਲਾਕੇ ਵਿਚ ਚਲ ਰਹੇ ਰੌਕ ਸਕੇਲਿੰਗ ਪ੍ਰਾਜੈਕਟ ਕਾਰਨ ਵਧੀ ਟਰੈਫਿਕ ਨੂੰ ਦੇਖਦੇ ਹੋਏ ਡੰਪ ਟਰੱਕ ਨੂੰ ਰੋਕਿਆ ਹੋਇਆ ਸੀ। ਇਕ ਮੋਟਰ ਗੱਡੀ ਦੇ ਡਰਾਈਵਰ ਨੂੰ ਮੌਕੇ 'ਤੇ ਮ੍ਰਿਤਕ ਐਲਾਨਿਆਂ ਗਿਆ। ਦੂਸਰੇ ਡਰਾਈਵਰਾਂ ਦੇ ਕੋਈ ਸੱਟ ਫੇਟ ਨਹੀਂ ਲੱਗੀ ਅਤੇ ਜਾਂਚ ਵਿਚ ਸਹਿਯੋਗ ਕਰ ਰਹੇ ਹਨ। ਇਸ ਸਮੇਂ ਕੋਈ ਦੋਸ਼ ਲਗਾਉਣ ਦੀ ਸੰਭਾਵਨਾ ਨਹੀਂ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
604-594-0616



### ਨਿੱਤ ਨਵਾਂ ਸਕੈਂਡਲ...

# ਪ੍ਰਧਾਨ ਮੰਤਰੀ ਦਾ ਟਰੂਡੋ ਫਾਊਂਡੇਸ਼ਨ ਨਾਲ ਸਬੰਧਾਂ ਤੋਂ ਇਨਕਾਰ

**ਸੁਖਵਿੰਦਰ ਸਿੰਘ ਚੋਹਲਾ**



ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਮੁੜ ਵਿਵਾਦਾਂ ਦੇ ਘੇਰੇ ਵਿਚ ਹਨ। ਨਿੱਤ ਦਿਨ ਕੋਈ ਨਾ ਕੋਈ ਅਜਿਹਾ ਵਿਵਾਦ ਸਾਹਮਣੇ ਆ ਜਾਂਦਾ ਹੈ ਜਿਸਦਾ ਪ੍ਰਧਾਨ ਮੰਤਰੀ ਟਰੂਡੋ ਨਾਲ ਸਿੱਧਾ ਜਾਂ ਅਸਿੱਧਾ ਸਬੰਧ ਜੋੜਿਆ ਹੁੰਦਾ ਹੈ। ਪਿਛਲੇ ਸਮੇਂ ਦੌਰਾਨ ਉਹ ਵੂਈ ਚੈਰਿਟੀ ਅਤੇ ਐਸ ਐਨ ਸੀ ਲੈਵਾਲਿਨ ਮਾਮਲੇ ਵਿਚ ਬੁਰੀ ਤਰਾਂ ਘਿਰੇ ਰਹੇ ਹਨ ਪਰ ਹੁਣ ਉਹ ਇਸ ਵਿਵਾਦ ਵਿਚ ਘਿਰੇ ਹਨ ਜਿਸਦਾ ਸਿੱਧਾ ਸਬੰਧ ਮੁਲਕ ਦੀ ਸੁਰੱਖਿਆ ਤੇ ਪ੍ਰਭੂਸੱਤਾ ਨਾਲ ਜੁੜਿਆ ਹੋਇਆ ਹੈ। ਕੋਵਿਡ ਮਹਾਂਮਾਰੀ ਦੌਰਾਨ ਦੁਨੀਆ ਦੀ ਦੂਸਰੀ ਵੱਡੀ ਤਾਕਤ ਚੀਨ ਨਾਲ ਦੁਵੱਲੇ ਸਬੰਧਾਂ ਵਿਚ ਆਏ ਵਿਗਾੜ ਦੇ ਚਲਦਿਆਂ ਇਹ ਖੁਲਾਸਾ ਹੋਇਆ ਹੈ ਕਿ ਚੀਨ ਸਰਕਾਰ ਕੈਨੇਡੀਅਨ ਰਾਜਨੀਤੀ ਵਿਚ ਸਿੱਧੇ ਰੂਪ ਵਿਚ ਦਖਲਅੰਦਾਜੀ ਕਰਦੀ ਆ ਰਹੀ ਹੈ ਤੇ ਸਰਕਾਰੀ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਲਈ ਉਹ ਆਪਣੇ ਸਰੋਤਾਂ ਦੀ ਖੁੱਲਕੇ ਵਰਤੋਂ ਕਰਦੀ ਹੈ। ਕੈਨੇਡਾ ਵਿਚ ਚੀਨੀ ਮੂਲ ਦੇ ਲਿਬਰਲ ਪਾਰਟੀ ਨਾਲ ਜੁੜੇ ਆਗੂਆਂ ਨੂੰ ਪਾਰਲੀਮੈਂਟ ਹਿੱਲ ਦੀਆਂ ਪੌੜੀਆਂ ਚੜਾਉਣ ਅਤੇ ਉਹਨਾਂ ਰਾਹੀਂ ਚੀਨ ਦੇ ਹਿੱਤ ਵਿਚ ਲਾਬਿੰਗ ਕੀਤੇ ਜਾਣ ਦੇ ਕਈ ਰਹੱਸ ਜੱਗ ਜਾਹਰ ਹੋਏ ਹਨ। ਵਿਰੋਧੀ ਧਿਰਾਂ ਵਲੋਂ ਟਰੂਡੋ ਸਰਕਾਰ ਤੋ ਕੈਨੇਡੀਅਨ ਸਿਆਸਤ ਵਿਚ ਚੀਨੀ ਦਖਲਅੰਦਾਜੀ ਦੇ ਦੋਸ਼ਾਂ ਦੀ ਜਾਂਚ ਕਰਵਾਏ ਜਾਣ ਦੀ ਮੰਗ ਜੋਰ ਫੜ ਰਹੀ ਸੀ ਕਿ ਇਸੇ ਦੌਰਾਨ ਇਕ ਹੋਰ ਵੱਡਾ ਖੁਲਾਸਾ ਹੋਇਆ ਕਿ ਪ੍ਰਧਾਨ ਮੰਤਰੀ ਟਰੂਡੋ ਦੇ ਪਿਤਾ ਦੇ ਨਾਮ ਉਪਰ ਬਣੀ ਚੈਰੀਟੇਬਲ ਸੰਸਥਾ ਟਰੂਡੋ ਫਾਉਂਡੇਸ਼ਨ ਵੀ ਚੀਨ ਤੋ ਭਾਰੀ ਡੋਨੇਸ਼ਨ ਸਵੀਕਾਰ ਕਰਦੀ ਰਹੀ ਹੈ। ਪਹਿਲਾਂ ਇਹ ਖਬਰ ਸੀ ਕਿ ਚੀਨੀ ਮੂਲ ਦੇ ਇਕ ਧਨਾਢ ਵਿਅਕਤੀ ਨੇ ਟਰੂਡੋ ਫਾਉਂਡੇਸ਼ਨ ਨੂੰ ਦੋ ਲੱਖ ਡਾਲਰ ਦੀ ਡੋਨੇਸ਼ਨ ਦਿੱਤੀ ਹੈ ਪਰ ਬਾਦ ਵਿਚ ਇਹ ਗੱਲ ਸਾਹਮਣੇ ਆਈ ਕਿ ਇਹ ਧਨਾਢ ਵਿਅਕਤੀ ਸਿੱਧੇ ਰੂਪ ਵਿਚ ਚੀਨ ਦੀ ਇਕ ਸਰਕਾਰੀ ਸੰਸਥਾ ਨਾਲ ਜੁੜਿਆ ਹੋਇਆ ਹੈ। ਕੈਨੇਡਾ ਦੇ ਇਕ ਨਾਮਵਰ ਅਖਬਾਰ ਵਲੋਂ ਇਸ ਸਬੰਧੀ ਸਨਸਨੀਖੇਜ ਰਿਪੋਰਟ ਪ੍ਰਕਾਸ਼ਿਤ ਕੀਤੇ ਜਾਣ ਉਪਰੰਤ ਟੂਰਡੋ ਫਾਊਂਡੇਸ਼ਨ ਨੇ ਡੋਨੇਸ਼ਨ ਦੀ ਇਹ ਰਾਸ਼ੀ ਵਾਪਿਸ ਕਰ ਦਿੱਤੀ।

ਇਸ ਕਾਰਨ ਵਿਵਾਦ ਪੈਦਾ ਹੋਇਆ, ਕਿਉਂਕਿ ਕੁਝ ਲੋਕਾਂ ਨੇ ਚਿੰਤਾਵਾਂ ਜ਼ਾਹਰ ਕੀਤੀਆਂ ਕਿ ਦਾਨ ਸੰਭਾਵੀ ਤੌਰ 'ਤੇ ਫਾਊਂਡੇਸ਼ਨ ਦੀ ਆਜ਼ਾਦੀ ਨਾਲ ਸਮਝੌਤਾ ਕਰ ਸਕਦਾ ਹੈ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਕੈਨੇਡੀਅਨ ਸਿਆਸਤਦਾਨਾਂ ਲਈ ਹਿੱਤਾਂ ਦੇ ਟਕਰਾਅ ਦਾ ਕਾਰਨ ਬਣ ਸਕਦਾ ਹੈ। ਟਰੂਡੋ ਫਾਊਂਡੇਸ਼ਨ ਨੇ ਕਿਹਾ ਹੈ ਕਿ ਉਹ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਸਖਤ ਨੀਤੀ ਨੂੰ ਕਾਇਮ ਰੱਖਦਾ ਹੈ ਅਤੇ ਇਹ ਕਿ ਉਹ ਦਾਨ ਸਵੀਕਾਰ ਨਹੀਂ ਕਰਦਾ ਹੈ ਜੋ ਇਸਦੇ ਮੁੱਲਾਂ ਜਾਂ ਮਿਸ਼ਨ ਨਾਲ ਸਮਝੌਤਾ ਕਰ ਸਕਦਾ ਹੈ। ਹੁਣ ਫਾਊਡੇਸ਼ਨ ਦੇ ਸੀਈਓ ਵਲੋਂ ਆਪਣੇ ਅਹੁਦੇ ਤੋ ਅਸਤੀਫਾ ਦੇਕੇ ਵਿਵਾਦ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪ੍ਰਧਾਨ ਮੰਤਰੀ ਨੇ ਵੀ ਇਹ ਸਪੱਸ਼ਟ ਕੀਤਾ ਹੈ ਕਿ ਉਸਦਾ ਆਪਣੇ ਪਿਤਾ ਦੇ ਨਾਮ ਉਪਰ ਇਸ ਫਾਉਂਡੇਸ਼ਨ ਨਾਲ ਕੋਈ ਸਬੰਧ ਨਹੀ। ਪਰ ਵਿਰੋਧੀ ਧਿਰ ਇਹ ਸਭ ਮੰਨਣ ਲਈ ਤਿਆਰ ਨਹੀਂ। ਵਿਰੋਧੀ ਧਿਰ ਦੀ ਮੰਗ ਹੈ ਕਿ ਇਸ ਮਾਮਲੇ ਦੀ ਮੁਕੰਮਲ ਜਾਂਚ ਕੀਤੀ ਜਾਵੇ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਪ੍ਰਧਾਨ ਮੰਤਰੀ ਟਰੂਡੋ ਆਪਣੇ ਪਰਿਵਾਰ ਸਮੇਤ ਕ੍ਰਿਸਮਸ ਦੀਆਂ ਛੁੱਟੀਆਂ ਮਨਾਉਣ ਜਮਾਇਕਾ ਗਏ ਸਨ ਤਾਂ ਉਹਨਾਂ ਦੇ ਰਹਿਣ ਸਹਿਣ ਦਾ ਸਾਰਾ ਖਰਚਾ ਵੀ ਕਿਸੇ ਚੈਰੀਟੇਬਲ ਸੰਸਥਾ ਵਲੋਂ ਕੀਤਾ ਗਿਆ ਸੀ। ਸੰਸਦ ਵਿਚ ਬਹਿਸ ਦੌਰਾਨ ਪ੍ਰਧਾਨ ਮੰਤਰੀ ਨੂੰ ਇਸ ਮੁੱਦੇ ਉਪਰ ਘੇਰਿਆ ਗਿਆ ਪਰ ਉਹ ਕੋਈ ਸਪੱਸ਼ਟ ਜਵਾਬ ਨਾ ਦੇ ਸਕੇ। ਜਿਕਰਯੋਗ ਹੈ ਕਿ ਇਸਤੋਂ ਪਹਿਲਾਂ ਵੂਈ ਚੈਰਿਟੀ ਫਾਊਂਡੇਸ਼ਨ ਦੁਆਰਾ ਟਰੂਡੋ ਫਾਊਂਡੇਸ਼ਨ ਨੂੰ ਦਿੱਤੇ ਗਏ £200,000 ਦਾਨ ਨਾਲ ਵੀ ਇਕ ਵਿਵਾਦ ਉਭਰਿਆ ਸੀ। ਇਹ ਦਾਨ ਉਸ ਸਮੇਂ ਕੀਤਾ ਗਿਆ ਸੀ ਜਦੋਂ ਵੂਈ ਚੈਰਿਟੀ ਕੈਨੇਡੀਅਨ ਸਰਕਾਰ ਤੋਂ ਵਿਦਿਆਰਥੀ ਗ੍ਰਾਂਟ ਪ੍ਰੋਗਰਾਮ ਸਬੰਧੀ ਠੇਕੇ ਦੀ ਮੰਗ ਕਰ ਰਹੀ ਸੀ।

ਇਸ ਦੌਰਾਨ ਇਹ ਖੁਲਾਸਾ ਵੀ ਹੋਇਆ ਕਿ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਤਨੀ ਸੋਫੀ ਟਰੂਡੋ ਅਤੇ ਉਨ੍ਹਾਂ ਦੀ ਮਾਂ ਮਾਰਗਰੇਟ ਟਰੂਡੋ, ਵੂਈ ਚੈਰਿਟ ਦੇ ਸਮਾਗਮਾਂ ਵਿੱਚ ਭਾਸ਼ਨ ਕਰਨ ਲਈ ਚੈਰਿਟੀ ਤੋਂ ਮੋਟੀ ਫੀਸ ਪ੍ਰਾਪਤ ਕਰਦੀਆਂ ਰਹੀਆਂ ਹਨ। ਆਲੋਚਕਾਂ ਨੇ ਸਵਾਲ ਕੀਤਾ ਕਿ ਕੀ ਦਾਨ ਪ੍ਰਧਾਨ ਮੰਤਰੀ ਲਈ ਹਿੱਤਾਂ ਦਾ ਟਕਰਾਅ ਨਹੀਂ ਸੀ, ਅਤੇ ਕੀ ਇਸ ਨੇ ਵੂਈ ਚੈਰਿਟੀ ਨੂੰ ਠੇਕਾ ਦੇਣ ਦੇ ਫੈਸਲੇ ਨੂੰ ਪ੍ਰਭਾਵਿਤ ਨਹੀਂ ਕੀਤਾ ਸੀ।

ਮਸਲਾ ਇਸ ਤੱਥ ਤੋਂ ਹੋਰ ਵੀ ਗੁੰਝਲਦਾਰ ਹੋ ਗਿਆ ਸੀ ਕਿ ਜਸਟਿਨ ਟਰੂਡੋ ਅਤੇ ਉਸਦੇ ਪਰਿਵਾਰ ਦਾ ਵੂਈ ਚੈਰਿਟੀ ਨਾਲ ਲੰਬੇ ਸਮੇਂ ਤੋਂ ਸਬੰਧ ਰਿਹਾ ਹੈ ਤੇ ਉਹਨਾਂ ਨੇ ਪਿਛਲੇ ਸਮੇਂ ਇਸ ਦੇ ਕਈ ਸਮਾਗਮਾਂ ਵਿੱਚ ਹਿੱਸਾ ਲਿਆ ਸੀ। ਵਿਵਾਦ ਨੇ ਅੰਤ ਵਿੱਚ ਹਿੱਤਾਂ ਦੇ ਟਕਰਾਅ ਅਤੇ ਨੈਤਿਕਤਾ ਕਮਿਸ਼ਨਰ ਦੁਆਰਾ ਇੱਕ ਜਾਂਚ ਕੀਤੀ ਗਈ, ਜਿਸ ਵਿੱਚ ਪਾਇਆ ਗਿਆ ਕਿ ਟਰੂਡੋ ਨੇ ਵੂਈ ਚੈਰਿਟੀ ਨੂੰ ਠੇਕਾ ਦੇਣ ਦੇ ਫੈਸਲੇ ਤੋਂ ਆਪਣੇ ਆਪ ਨੂੰ ਵੱਖ ਕਰਨ ਵਿੱਚ ਅਸਫਲ ਹੋ ਕੇ ਨੈਤਿਕ ਨਿਯਮਾਂ ਦੀ ਉਲੰਘਣਾ ਕੀਤੀ ਹੈ।

ਹੁਣ ਤਾਜਾ ਵਿਵਾਦ ਇਸਤੋਂ ਵੀ ਜਿਆਦਾ ਗੰਭੀਰ ਹੈ ਕਿਉਂਕਿ ਇਸ ਵਿਵਾਦ ਦਾ ਸਬੰਧ ਟਰੂਡੋ ਪਰਿਵਾਰ ਵਲੋਂ ਕਿਸੇ ਸੰਸਥਾ ਤੋ ਕੇਵਲ ਸੁੱਖ ਸੁਵਿਧਾਵਾਂ ਪ੍ਰਾਪਤ ਕਰਨਾ ਹੀ ਨਹੀ ਬਲਿਕ ਮੁਲਕ ਦੀ ਸੁਰੱਖਿਆ, ਪ੍ਰਭੂਸੱਤਾ ਤੇ ਕੌਮਾਂਤਰੀ ਹਿੱਤਾਂ ਨਾਲ ਵੀ ਜੁੜਿਆ ਹੋਇਆ ਹੈ। ਵਿਰੋਧੀ ਧਿਰਾਂ ਪ੍ਰਧਾਨ ਮੰਤਰੀ ਨੂੰ ਇਸ ਮੁੱਦੇ ਉਪਰ ਘੇਰਨ ਲਈ ਇਕਮੁੱਠ ਹਨ ਤੇ ਜਨਤਕ ਜਾਂਚ ਦੀ ਮੰਗ ਕਰ ਰਹੀਆਂ ਹਨ। ਪ੍ਰਧਾਨ ਮੰਤਰੀ ਵਲੋਂ ਆਪਣੀ ਸਫਾਈ ਦਿੰਦਿਆਂ ਚਿਹਰੇ ਦੇ ਹਾਵ ਭਾਵ ਦਸਦੇ ਹਨ ਕਿ ਉਹ ਬੁਰੀ ਤਰਾਂ ਫਸੇ ਮਹਿਸੂਸ ਕਰ ਰਹੇ ਹਨ। ਆਗੇ ਆਗੇ ਦੇਖੀਏ ਹੋਤਾ ਹੈ ਕਿਆ।





# ਸੁਡਾਨ ’ਚੋਂ 246 ਹੋਰ ਭਾਰਤੀਆਂ ਨੂੰ ਸੁਰੱਖਿਅਤ ਕੱਢਿਆ

ਮੁੰਬਈ-ਭਾਰਤੀ ਹਵਾਈ ਸੈਨਾ ਦਾ ਜਹਾਜ਼ 246 ਹੋਰ ਭਾਰਤੀਆਂ ਨੂੰ ਹਿੰਸਾਗ੍ਰਸਤ ਸੂਡਾਨ ‘ਚੋਂ ਸੁਰੱਖਿਅਤ ਕੱਢ ਕੇ ਅੱਜ ਮੁੰਬਈ ਪੁੱਜਿਆ। ਜਹਾਜ਼ ਨੇ ਜਦਾਹ ਤੋਂ ਸਵੇਰੇ ਕਰੀਬ 11 ਵਜੇ ਉਡਾਣ ਭਰੀ ਸੀ ਜੋ ਇਥੇ ਕਰੀਬ ਸਾਢੇ ਤਿੰਨ ਵਜੇ ਪੁੱਜੀ। ਹੁਣ ਤੱਕ 600 ਤੋਂ ਜ਼ਿਆਦਾ ਭਾਰਤੀਆਂ ਨੂੰ ਸੁਰੱਖਿਅਤ ਵਤਨ ਵਾਪਸ ਲਿਆਂਦਾ ਜਾ ਚੁੱਕਿਆ ਹੈ। ਬੁੱਧਵਾਰ ਨੂੰ 360 ਭਾਰਤੀ ਜਦਾਹ ਤੋਂ ਵਿਸ਼ੇਸ਼ ਜਹਾਜ਼ ਰਾਹੀਂ ਵਤਨ ਪਰਤੇ ਸਨ। ਜਦਾਹ ਤੋਂ ਮੁੰਬਈ ਲਈ ਜਹਾਜ਼ ਰਵਾਨਾ ਹੋਣ ਤੋਂ ਪਹਿਲਾਂ ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਨੇ ਟਵੀਟ ਕੀਤਾ,“ਭਾਰਤੀਆਂ ਨੂੰ ਜਦਾਹ ਤੋਂ ਤੇਜ਼ੀ ਨਾਲ ਵਤਨ ਭੇਜਣ ਦੀਆਂ ਸਾਡੀਆਂ ਕੋਸ਼ਿਸ਼ਾਂ ਰੰਗ ਲਿਆ ਰਹੀਆਂ ਹਨ। ਆਈਏਐੱਫ ਸੀ17 ਗਲੋਬਮਾਸਟਰ ਰਾਹੀਂ 246 ਹੋਰ ਭਾਰਤੀ ਛੇਤੀ ਹੀ ਮੁੰਬਈ ਪੁੱਜ ਜਾਣਗੇ। ਜਦਾਹ ਹਵਾਈ ਅੱਡੇ ਤੋਂ ਉਨ੍ਹਾਂ ਨੂੰ ਰਵਾਨਾ ਕਰਕੇ ਖ਼ੁਸ਼ੀ ਹੋ ਰਹੀ ਹੈ।“ ਅਪਰੇਸ਼ਨ ਕਾਵੇਰੀ ਤਹਿਤ ਭਾਰਤ ਵੱਲੋਂ ਆਪਣੇ ਨਾਗਰਿਕਾਂ ਨੂੰ ਖਰਤੂਮ ਅਤੇ ਹੋਰ ਹਿੰਸਾ ਵਾਲੇ ਇਲਾਕਿਆਂ ਤੋਂ ਬੱਸਾਂ ਰਾਹੀਂ ਸੂਡਾਨ ਬੰਦਰਗਾਹ ਤੱਕ ਪਹੁੰਚਾਇਆ ਜਾ ਰਿਹਾ ਹੈ ਜਿਥੋਂ ਉਨ੍ਹਾਂ ਨੂੰ ਭਾਰਤੀ ਹਵਾਈ ਸੈਨਾ ਦੇ ਮਾਲਵਾਹਕ ਜਹਾਜ਼ਾਂ ਅਤੇ ਜਲ ਸੈਨਾ ਦੇ ਬੇੜਿਆਂ ‘ਚ ਸਾਊਦੀ ਅਰਬ ਦੇ ਸ਼ਹਿਰ ਜਦਾਹ ਲਿਆ ਕੇ ਅੱਗੇ ਭਾਰਤ ਲਿਆਂਦਾ ਜਾ ਰਿਹਾ ਹੈ। ਖਰਤੂਮ ਅਤੇ ਸੂਡਾਨ ਬੰਦਰਗਾਹ ਵਿਚਕਾਰਲੀ ਦੂਰੀ ਕਰੀਬ 850 ਕਿਲੋਮੀਟਰ ਹੈ ਅਤੇ ਮੌਜੂਦਾ ਹਾਲਾਤ ਨੂੰ ਦੇਖਦਿਆਂ ਲੋਕਾਂ ਨੂੰ ਬੱਸ ਰਾਹੀਂ 12 ਤੋਂ 18 ਘੰਟਿਆਂ ਦਾ ਸਫ਼ਰ ਕਰਨਾ ਪੈ ਰਿਹਾ ਹੈ।

# ਵਿਧਾਇਕ ਸੁਖਪਾਲ ਸਿੰਘ ਖਹਿਰਾ ਖ਼ਿਲਾਫ਼ ਐਸ ਡੀ ਐਮ ਨੂੰ ਪ੍ਰੇਸ਼ਾਨ ਕਰਨ ਦਾ ਮਾਮਲਾ ਦਰਜ



ਭੁਲੱਥ-ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਵੱਲੋਂ ਆਪਣੇ ਸਮਰਥਕਾਂ ਸਮੇਤ ਫੇਸਬੁੱਕ ‘ਤੇ ਲਾਈਵ ਹੋ ਕੇ ਐੱਸਡੀਐੱਮ ਨੂੰ ਪ੍ਰੇਸ਼ਾਨ ਕਰਨ, ਅਪਮਾਨਜਨਕ ਟਿੱਪਣੀ ਤੇ ਸਰਕਾਰ ਦੇ ਕੰਮ ‘ਚ ਵਿਘਨ ਪਾਉਣ ਦੇ ਦੋਸ਼ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਐੱਸਡੀਐੱਮ ਭੁਲੱਥ ਸੰਜੀਵ ਸ਼ਰਮਾ ਵੱਲੋਂ ਮੁੱਖ ਮੰਤਰੀ ਤੇ ਮੁੱਖ ਸਕੱਤਰ ਨੂੰ ਈ-ਮੇਲ ਰਾਹੀਂ ਸ਼ਿਕਾਇਤ ਕੀਤੀ ਗਈ ਸੀ ਕਿ 29 ਮਾਰਚ ਨੂੰ ਵਿਧਾਇਕ ਸੁਖਪਾਲ ਸਿੰਘ ਖਹਿਰਾ ਸਮਰਥਕਾਂ ਸਮੇਤ ਉਨ੍ਹਾਂ ਦੇ ਦਫਤਰ ਆਏ ਤੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਗਿਆ। ਉਨ੍ਹਾਂ ਵਿਧਾਇਕ ‘ਤੇ ਅਪਮਾਨਜਨਕ ਟਿੱਪਣੀਆਂ ਕਰਨ ਤੇ ਮਾਨਸਿਕ ਤਸ਼ੱਦਦ ਕਰਨ ਦੇ ਦੋਸ਼ ਲਾਏ। ਉਨ੍ਹਾਂ ਦੱਸਿਆ ਕਿ ਖਹਿਰਾ ਨੇ ਮੈਜਿਸਟਰੇਟ ਕੰਪਲੈਕਸ ਦਫਤਰ ਦਾ ਘਿਰਾਓ ਕਰਦਿਆਂ ਫੇਸਬੁੱਕ ‘ਤੇ ਲਾਈਵ ਹੋ ਕੇ ਬੇਲੋੜੇ ਸਵਾਲ ਪੁੱਛੇ। ਇਸ ਸ਼ਿਕਾਇਤ ‘ਤੇ ਪੁਲੀਸ ਨੇ ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਉਸ ਦੇ ਸਮਰਥਕਾਂ ਖ਼ਿਲਾਫ਼ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਸਰਕਾਰ ਨੇ ਬਦਲਾ-ਲਊ ਭਾਵਨਾ ਨਾਲ ਕੇਸ ਦਰਜ ਕਰਵਾਇਆ-ਖਹਿਰਾ

ਥਾਣਾ ਭੁਲੱਥ ਵਿੱਚ ਐੱਸਡੀਐੱਮ ਦੀ ਸ਼ਿਕਾਇਤ ‘ਤੇ ਹਲਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ‘ਤੇ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੀਤੇ ਗਏ ਪਰਚੇ ‘ਤੇ ਪ੍ਰਤੀਕਿਰਿਆ ਦਿੰਦਿਆਂ ਸ੍ਰੀ ਖਹਿਰਾ ਨੇ ਮਾਨ ਸਰਕਾਰ ‘ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਸਰਕਾਰ ਖ਼ਿਲਾਫ਼ ਮੁੱਦਿਆਂ ਨੂੰ ਉਠਾਉਣ ਕਰਕੇ ਬਦਲਾ-ਲਊ ਭਾਵਨਾ ਨਾਲ ਕੇਸ ਦਰਜ ਕੀਤਾ ਗਿਆ ਹੈ ਪਰ ਉਹ (ਖਹਿਰਾ) ਲੋਕ ਹਿੱਤਾਂ ਲਈ ਹੋਰ ਉਤਸ਼ਾਹ ਨਾਲ ਲੜਨਗੇ। ਸ੍ਰੀ ਖਹਿਰਾ ਨੇ ਦੱਸਿਆ ਕਿ ਉਨ੍ਹਾਂ ਵਲੋਂ ਕਦੇ ਵੀ ਐੱਸਡੀਐੱਮ ਭੁਲੱਥ ਨੂੰ ਧਮਕੀ ਨਹੀਂ ਦਿੱਤੀ ਗਈ ਤੇ ਨਾ ਹੀ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਬਦਲਾਲਊ ਭਾਵਨਾ ਨਾਲ ਉਨ੍ਹਾਂ ‘ਤੇ ਝੂਠਾ ਪਰਚਾ ਦਰਜ ਕਰਵਾਇਆ ਹੈ।

# ਡਿਬਰੂਗੜ੍ਹ ਜੇਲ੍ਹ ਵਿਚ ਬੰਦ ਪੰਜਾਬ ਦੇ ਸਿੱਖ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਦੀ ਇਜਾਜ਼ਤ ਮਿਲੀ

ਡਿਬਰੂਗੜ੍ਹ (ਅਸਾਮ)-ਇਥੋਂ ਦੀ ਕੇਂਦਰੀ ਜੇਲ੍ਹ ਵਿਚ ਬੰਦ ‘ਵਾਰਿਸ ਪੰਜਾਬ ਦੇ’ ਕਾਰਕੁਨਾਂ, ਜਿਨ੍ਹਾਂ ਵਿੱਚ ਜਥੇਬੰਦੀ ਦਾ ਮੁਖੀ ਅੰਮ੍ਰਿਤਪਾਲ ਸਿੰਘ ਵੀ ਸ਼ਾਮਲ ਹੈ, ਦੇ ਪਰਿਵਾਰਕ ਮੈਂਬਰਾਂ ਨੇ ਅੱਜ ਉਨ੍ਹਾਂ ਨਾਲ ਮੁਲਾਕਾਤ ਕੀਤੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਗ੍ਰਿਫ਼ਤਾਰ ਕਾਰਕੁਨਾਂ ਦੇ ਇਕ ਇਕ ਜੀਅ ਨੂੰ ਉਨ੍ਹਾਂ ਨਾਲ ਮਿਲਣ ਦੀ ਇਜਾਜ਼ਤ ਦਿੱਤੀ ਸੀ, ਜਿਸ ਮਗਰੋਂ ਪਰਿਵਾਰਕ ਮੈਂਬਰਾਂ ਨੇ ਉੱਤਰ-ਪੂਰਬੀ ਰਾਜ ਦਾ ਰੁਖ਼ ਕੀਤਾ ਸੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਕਾਰਜਕਾਰੀ ਮੈਂਬਰ ਤੇ ਵਕੀਲ ਭਗਵੰਤ ਸਿੰਘ ਸਿਆਲਕਾ ਤੇ ਸਿਮਰਨਜੀਤ ਸਿੰਘ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਸਿਮਰਨਜੀਤ ਸਿੰਘ ਨੇ ਮਗਰੋਂ ਪੱਤਰਕਾਰਾਂ ਨੂੰ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਇਨ੍ਹਾਂ ਸਾਰਿਆਂ ‘ਤੇ ਇਕੋ ਜਿਹੇ ਦੋਸ਼ ਹਨ। ਉਨ੍ਹਾਂ ਕਿਹਾ ਕਿ ਇਥੋਂ ਤੱਕ ਕਿ ਇਨ੍ਹਾਂ ਦੇ ਕੇਸਾਂ ਨਾਲ ਨੱਥੀ ਦਸਤਾਵੇਜ਼ ਵੀ ਮਿਲਦੇ ਜੁਲਦੇ ਹਨ। ਸਿੰਘ ਨੇ ਕਿਹਾ, “ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ। ਯਕੀਨੀ ਤੌਰ ‘ਤੇ ਇਹ ਸਾਜ਼ਿਸ਼ ਹੈ, ਕਿਉਂਕਿ ਉਨ੍ਹਾਂ ਖਿਲਾਫ਼ ਐੱਨਐੱਸਏ ਲਾਉਣ ਦੀ ਕੋਈ ਵਜ੍ਹਾ ਨਹੀਂ ਸੀ। ਅੰਮ੍ਰਿਤਪਾਲ ਨਸ਼ਿਆਂ ਦੀ ਅਲਾਮਤ ਖਿਲਾਫ਼ ਜਾਗਰੂਕਤਾ ਮੁਹਿੰਮ ਦੇ ਨਾਲ ਸਿੱਖੀ ਦਾ ਪ੍ਰਚਾਰ ਪਾਸਾਰ ਕਰਦਾ ਸੀ।“ ਉਨ੍ਹਾਂ ਕਿਹਾ, “ਅਸੀਂ ਹਾਈ ਕੋਰਟ ਵਿੱਚ ਉਨ੍ਹਾਂ ਖਿਲਾਫ਼ ਐੱਨਐੱਸਏ ਤਹਿਤ ਲਾਏ ਦੋਸ਼ ਖਾਰਜ ਕਰਨ ਦੀ ਅਪੀਲ ਕੀਤੀ ਹੈ ਤੇ ਸੁਣਵਾਈ ਲਈ ਅਗਲੀ ਤਰੀਕ 1 ਮਈ ਨਿਰਧਾਰਿਤ ਹੈ।“ ਅਧਿਕਾਰੀ ਨੇ ਕਿਹਾ ਕਿ ਪਰਿਵਾਰਕ ਮੈਂਬਰ ਪਹਿਲਾਂ ਸਥਾਨਕ ਹੋਟਲ ਵਿੱਚ ਰੁਕੇ, ਜਿੱਥੋਂ ਉਹ ਗੁਰਦੁਆਰੇ ਚਲੇ ਗਏ। ਮਗਰੋਂ ਬਾਅਦ ਦੁਪਹਿਰ ਉਨ੍ਹਾਂ ਨੂੰ ਜੇਲ੍ਹ ਲਿਜਾਇਆ ਗਿਆ। ਦੱਸ ਦੇਈਏ ਕਿ ਇੰਟੈਲੀਜੈਂਸ ਬਿਊਰੋ ਤੇ ਪੰਜਾਬ ਪੁਲੀਸ ਦੀ ਸਾਂਝੀ ਟੀਮ ਨੇ ਮੰਗਲਵਾਰ ਨੂੰ ਡਿਬਰੂਗੜ੍ਹ ਵਿੱਚ ਅੰਮ੍ਰਿਤਪਾਲ ਸਿੰਘ ਤੋਂ ਪੁੱਛ-ਪੜਤਾਲ ਕੀਤੀ ਸੀ।



# ਗ਼ਦਰੀ ਤੇ ਮੁਜਾਰਾ ਲਹਿਰ ਦਾ ਯੋਧਾ ਤੇਜਾ ਸਿੰਘ ਸੁਤੰਤਰ


**ਹਰਮੇਸ਼ ਸਿੰਘ ਮੇਸ਼ੀ**

ਦੇਸ਼ ਦੀ ਆਜ਼ਾਦੀ ਦੀ ਗੱਲ ਹੁੰਦੀ ਹੈ ਤਾਂ ਪੰਜਾਬ ਦੇ ਮਹਾਨ ਸਪੂਤਾਂ ਦੀ ਬਾਤ ਵੀ ਪਾਈ ਜਾਂਦੀ ਹੈ। ਉਨ੍ਹਾਂ ਮਹਾਨ ਸਪੂਤਾਂ 'ਚੋਂ ਇਕ ਮਹਾਨ ਕ੍ਰਾਂਤੀਕਾਰੀ, ਗ਼ਦਰੀ ਅਤੇ ਮੁਜ਼ਾਰਾ ਲਹਿਰ ਦੇ ਯੋਧਾ ਕਾਮਰੇਡ ਤੇਜਾ ਸਿੰਘ ਸੁਤੰਤਰ ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਦੀ ਜੰਗ ਤਾਂ ਲੜੀ ਹੀ, ਨਾਲ ਹੀ ਮੁਲਕ ਆਜ਼ਾਦ ਹੋਣ ਤੋਂ ਬਾਅਦ ਵੀ ਲੋਕਾਂ ਲਈ ਜੰਗ ਜਾਰੀ ਰੱਖੀ। ਸੁਤੰਤਰ ਦਾ ਜਨਮ ਕ੍ਰਿਪਾਲ ਸਿੰਘ ਉਰਫ ਦੇਸਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ 1901 ਵਿਚ ਪਿੰਡ ਅਲੂਣਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ ਸੀ। ਉਨ੍ਹਾਂ ਦੇ ਵੱਡੇ-ਵਡੇਰੇ ਕਿਸਾਨ ਘਰਾਣੇ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦੇ ਪਿਤਾ ਜੀ ਖ਼ੁਦ ਕ੍ਰਾਂਤੀਕਾਰੀ ਵਿਚਾਰਾਂ ਦੇ ਮਾਲਕ ਸਨ।

ਤੇਜਾ ਸਿੰਘ ਸੁਤੰਤਰ ਦਾ ਨਾਂ ਸਮੁੰਦ ਸਿੰਘ ਸੀ ਪਰ ਉਨ੍ਹਾਂ ਨੇ ਗੁਰਦੁਆਰਾ ਲਹਿਰ ਤਹਿਤ ਪਿੰਡ ਤੇਜਾ ਵੀਹਲਾ ਦੇ ਗੁਰਦੁਆਰਾ ਸਾਹਿਬ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਇਆ ਸੀ। ਉਸ ਤੋਂ ਬਾਅਦ ਉਨ੍ਹਾਂ ਦਾ ਨਾਂ ਤੇਜਾ ਸਿੰਘ ਸੁਤੰਤਰ ਹੀ ਪ੍ਰਚਲਿਤ ਹੋ ਗਿਆ। ਉਹ ਐੱਸਜੀਪੀਸੀ ਦੇ ਮੈਂਬਰ ਵੀ ਬਣੇ ਅਤੇ ਗੁਰੂ ਕਾ ਬਾਗ ਮੋਰਚੇ ਵਿਚ ਅਕਾਲੀ ਲਹਿਰ ਦੌਰਾਨ 1923 ਵਿਚ ਭਾਗ ਲਿਆ। ਉਨ੍ਹਾਂ ਦੀ ਜੀਵਨ-ਸ਼ੈਲੀ ਉੱਚਕੋਟੀ ਦੀ ਸੀ। ਉਨ੍ਹਾਂ ਨੇ ਆਪਣਾ ਹਰ ਸਾਹ ਦੇਸ਼ ਸੇਵਾ ਦੇ ਲੇਖੇ ਲਾਇਆ। ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜ੍ਹੇ।

ਜੱਲਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਅਨੇਕਾਂ ਹੀ ਕ੍ਰਾਂਤੀਕਾਰੀ ਮੁਹਿਮਾਂ ਚਲਾਈਆਂ ਤੇ ਕਈ ਜੱਥੇਬੰਦੀਆਂ ਨੂੰ ਹੋਂਦ ਵਿਚ ਲਿਆਂਦਾ। ਸੁਤੰਤਰ ਜੀ ਨੇ ਭ੍ਰਿਸ਼ਟਾਚਾਰ, ਮਹੰਤਾਂ ਤੇ ਮਸੰਦਾਂ ਵਿਰੁੱਧ ਡਟ ਕੇ ਆਵਾਜ਼ ਉਠਾਈ। ਉਹ ਦੇਸ-ਪਰਦੇਸ ਦੇ ਪਰਪੱਕ ਭਾਸ਼ਾਈ ਗਿਆਤਾ ਅਤੇ ਪ੍ਰਚਾਰਕ ਸਨ। ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਨੇ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਕਈ ਡਿਗਰੀਆਂ ਹਾਸਲ ਕੀਤੀਆਂ। ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਦੇਸ਼ਾਂ ਵਿਚ ਰਹਿ ਕੇ ਜਹਾਜ਼ ਖ਼ਰੀਦੇ ਤੇ ਤੁਰਕੀ ਆਦਿ ਦੇਸ਼ਾਂ ਦੀ ਫ਼ੌਜ ਵਿਚ ਅਫ਼ਸਰ ਵੀ ਰਹੇ।

ਖ਼ਾਸ ਕਰਕੇ ਈਸਟਰਨ ਯੂਨੀਵਰਸਿਟੀ ਮਾਸਕੋ ਤੋਂ ਫ਼ਲਸਫ਼ੇ ਤੇ ਤਕਨੀਕੀ ਸਿੱਖਿਆ ਦੇ ਕਈ ਕੋਰਸ ਪਾਸ ਕੀਤੇ। ਉਹ ਇਕ ਵਧੀਆ ਲੇਖਕ, ਆਲੋਚਕ ਤੇ ਸੰਪਾਦਕ ਵੀ ਸਨ। ਉਹ ਸੰਨ 1937 ਵਿਚ ਅਣਵੰਡੇ ਪੰਜਾਬ ਦੀ ਅਸੈਂਬਲੀ ਦੇ ਬਿਨਾਂ ਮੁਕਾਬਲਾ ਮੈਂਬਰ ਚੁਣੇ ਗਏ ਅਤੇ 1972 ਵਿਚ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਵੀ ਚੁਣੇ ਗਏ ਸਨ। ਅਫ਼ਗਾਨਿਸਤਾਨ ਵਿਚ ਉਹ ਗ਼ਦਰੀ ਯੋਧਿਆਂ ਦੇ ਸੰਪਰਕ ਵਿਚ ਆਏ। ਉਸ ਤੋਂ ਬਾਅਦ ਗ਼ਦਰੀ ਬਾਬਿਆਂ ਨੇ ਸਤੰਤਰ ਨੂੰ ਮਿਲਟਰੀ ਦੀ ਟਰੇਨਿੰਗ ਦਿੱਤੀ। ਫਿਰ ਉਹ ਗ਼ਦਰੀ ਲਹਿਰ ਦੇ ਕੇਂਦਰ ਬਰਲਿਨ (ਜਰਮਨੀ) ਚਲੇ ਗਏ। ਦੇਸ਼ ਤੋਂ ਬਾਹਰ ਰਹਿ ਕੇ ਲਤੀਨੀ, ਅਮਰੀਕਾ, ਮੈਕਸੀਕੋ, ਕਿਊਬਾ, ਪਨਾਮਾ ਅਤੇ ਬ੍ਰਾਜ਼ੀਲ ਵਰਗੇ ਦੇਸ਼ਾਂ ਵਿਚ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਲਾਮਬੰਦ ਕੀਤਾ। ਸੰਨ 1931-32 ਵਿਚ ਮਾਰਕਸਵਾਦ ਦੀ ਸਿਧਾਂਤਕ ਸਿੱਖਿਆ ਲੈਣ ਲਈ ਮਾਸਕੋ ਚਲੇ ਗਏ ਸਨ। ਸੰਨ 1934 ਵਿਚ ਉਹ ਭਾਰਤ ਆਏ ਅਤੇ ਫਿਰ ਕ੍ਰਾਂਤੀਕਾਰੀ ਸਰਗਰਮੀਆਂ ਕਾਰਨ ਮਹਾਰਾਸ਼ਟਰ ਵਿਚ ਉਨ੍ਹਾਂ ਨੂੰ ਗਿ੍ਫ਼ਤਾਰ ਕਰ ਲਿਆ ਅਤੇ ਕੈਮਲਪੁਰ ਜੇਲ੍ਹ ਵਿਚ ਰੱਖਿਆ ਗਿਆ। ਨਜ਼ਰਬੰਦੀ ਦੌਰਾਨ ਸੁਤੰਤਰ ਨੇ ਪੰਜਾਬ ਯੂਨੀਵਰਸਿਟੀ ਤੋਂ ਬੀਏ ਦੀ ਡਿਗਰੀ ਪ੍ਰਾਪਤ ਕਰ ਲਈ। ਸੰਨ 1944 ਤੋਂ 1947 ਤਕ ਭਾਰਤੀ ਕਮਿਊਨਿਸਟ ਪਾਰਟੀ ਦੇ ਪੰਜਾਬ ਦੇ ਸੂਬਾ ਸਕੱਤਰ ਰਹੇ। ਦੇਸ਼ ਆਜ਼ਾਦ ਹੋਣ ਪਿੱਛੋਂ ਉਹ ਫਿਰ ਲੋਕਾਂ ਦੀ ਲੜਾਈ ਵਿਚ ਆ ਖੜ੍ਹੇ ਹੋਏ। ਸੁਤੰਤਰ ਜੀ ਸ਼ਾਂਤ ਵਿਵਸਥਾ ਦੇ ਉੱਥੋਂ ਤਕ ਹਾਮੀ ਸਨ ਜਿੱਥੋਂ ਤਕ ਲੋਕਾਂ ਨੂੰ ਜਾਗਿ੍ਤ ਤੇ ਲਾਮਬੰਦ ਕਰਨਾ ਹੁੰਦਾ ਹੈ ਪਰ ਇਸ ਦੇ ਨਾਲ-ਨਾਲ ਉਹ ਹਥਿਆਰਬੰਦੀ ਨੂੰ ਬਹੁਤ ਲਾਜ਼ਮੀ ਸਮਝਦੇ ਸਨ। ਉਹ ਕਿਹਾ ਕਰਦੇ ਸਨ ਕਿ ਕਿਸੇ ਇਨਕਲਾਬੀ ਲਹਿਰ ਲਈ ਤਕਰੀਰ ਤੇ ਸ਼ਮਸ਼ੀਰ, ਦੋਵੇਂ ਹੋਣੀਆਂ ਲਾਜ਼ਮੀ ਹਨ ਅਤੇ ਇਨ੍ਹਾਂ ਦੀ ਵਰਤੋਂ ਸਮੇਂ-ਸਮੇਂ ਕਰਨੀ ਚਾਹੀਦੀ ਹੈ। ਸੁਤੰਤਰ ਜੀ ਨੇ ਦੇਸ਼ ਦੀ ਅੱਸੀ ਫ਼ੀਸਦੀ ਕਿਸਾਨੀ ਨੂੰ ਜੱਥੇਬੰਦ ਕਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ। ਉਹ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਵੀ ਰਹੇ, ਪੈਪਸੂ ਦੀ ਮੁਜ਼ਾਰਾ ਲਹਿਰ ਨੂੰ ਜੱਥੇਬੰਦ ਕਰਕੇ ਗੁਰੀਲਾ ਜੱਥੇ ਬਣਾ ਕੇ ਜ਼ਮੀਨ ਮੁਜ਼ਾਰਿਆਂ ਅਤੇ ਬੇਜ਼ਮੀਨੇ ਨੂੰ ਲੋਕਾਂ ਵਿਚ ਵੰਡੀ। ਉਸ ਸਮੇਂ ਮਾਲਵੇ ਅੰਦਰ ਜਗੀਰਦਾਰਾਂ ਤੋਂ ਜ਼ਮੀਨ ਕਿਸਾਨਾਂ ਦੇ ਨਾਂ ਕਰਵਾਉਣ ਲਈ ਮੁਜ਼ਾਰਾ ਲਹਿਰ ਚੱਲੀ। ਇਸ ਲਹਿਰ ਦੇ ਸੁਤੰਤਰ ਮੋਹਰੀ ਰਹੇ ਹਨ ਜਿਸ ਕਰ ਕੇ ਉਹ 1948 ਤੋਂ 1961 ਤਕ ਗੁਪਤਵਾਸ ਰਹੇ ਅਤੇ ਕਿਸਾਨਾਂ-ਮਜ਼ਦੂਰਾਂ ਲਈ ਸੰਘਰਸ਼ ਕਰਦੇ ਰਹੇ। ਉਸ ਦਾ ਕੇਂਦਰ ਬਿੰਦੂ ਸੰਗਰੂਰ ਜ਼ਿਲ੍ਹੇ ਦਾ ਪਿੰਡ ਨਿਹਾਲਗੜ੍ਹ ਰਿਹਾ ਹੈ। ਕਿਸਾਨਾਂ ਨੂੰ ਜ਼ਮੀਨਾਂ ਦਾ ਮਾਲਕਾਨਾ ਹੱਕ ਦਿਵਾਏ ਜਾਣ ਤਕ ਉਨ੍ਹਾਂ ਦਾ ਸੰਘਰਸ਼ ਜਾਰੀ ਰਿਹਾ। ਸੰਨ 1964 ਤੋਂ 1969 ਤਕ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਹਨ। ਮਾਲਵੇ ਦੇ ਪੱਛੜੇ ਇਲਾਕੇ ਨਿਆਲ (ਪਾਤੜਾਂ) ਵਿਖੇ ਉਚੇਰੀ ਸਿੱਖਿਆ ਲਈ ਕਿਰਤੀ ਕਾਲਜ ਦਾ ਨਿਰਮਾਣ ਕਰਵਾਇਆ ਜੋ ਹੁਣ ਸਰਕਾਰ ਨੇ ਆਪਣੇ ਹੱਥਾਂ 'ਚ ਲੈ ਲਿਆ ਹੈ। ਸੁਤੰਤਰ ਜੀ ਦੇ ਸਮੁੱਚੇ ਪਰਿਵਾਰ ਨੇ ਨਾਮਧਾਰੀ ਲਹਿਰ, ਗ਼ਦਰ ਲਹਿਰ, ਅਕਾਲੀ ਲਹਿਰ ਤੇ ਆਜ਼ਾਦੀ ਦੀ ਲਹਿਰ ਵਿਚ ਅਹਿਮ ਹਿੱਸਾ ਪਾਇਆ। ਉਨ੍ਹਾਂ ਦੇ ਗੁਪਤਵਾਸ ਸਮੇਂ ਉਨ੍ਹਾਂ ਦੇ ਦੋ ਛੋਟੇ ਭਰਾ, ਇਕ ਥਾਣਿਆਂ ਵਿਚ ਪੁਲਿਸ ਦੇ ਤਸੀਹੇ ਝੱਲ ਰਿਹਾ ਸੀ ਤੇ ਉਸ ਤੋਂ ਛੋਟਾ ਮੇਦਨ ਸਿੰਘ ਮੇਦਨ ਬਰੇਲੀ ਸੈਂਟਰਲ ਜੇਲ੍ਹ ਵਿਚ ਉਮਰ ਕੈਦ ਕੱਟ ਰਿਹਾ ਸੀ। ਬਿਰਧ ਮਾਤਾ-ਪਿਤਾ, ਉਨ੍ਹਾਂ ਦੀ ਵਿਧਵਾ, ਛੋਟੀ ਭੈਣ, ਭਾਣਜਾ ਅਤੇ ਉਨ੍ਹਾਂ ਦੀ ਇਕਲੌਤੀ ਪੁੱਤਰੀ ਆਦਿ ਦੀਆਂ ਮੌਤਾਂ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਹੀ ਹੋਈਆਂ। ਘਰ ਦੀ ਤਬਾਹੀ ਗ਼ਰੀਬੀ, ਤੰਗੀ, ਮਸੀਬਤਾਂ ਦੇ ਅਨੇਕਾਂ ਹੀ ਪਹਾੜ ਟੁੱਟੇ। ਉਮਰ ਕੈਦ ਕੱਟ ਰਹੇ ਮੇਦਨ ਦੀ ਧਰਮ ਪਤਨੀ ਦੀ ਚਿੱਠੀ ਵੀ ਉਨ੍ਹਾਂ ਨੂੰ ਜੇਲ੍ਹ ਵਿਚ ਹੀ ਮਿਲੀ ਜਿਸ ਵਿਚ ਘਰ ਦੀ ਤਬਾਹੀ ਦਾ ਜ਼ਿਕਰ ਕੀਤਾ ਗਿਆ ਸੀ। ਇਨ੍ਹਾਂ ਹਕੂਮਤਾਂ ਦੀ ਪ੍ਰੇਰਨਾ ਲੈ ਕੇ ਸੁਤੰਤਰ ਜੀ ਨੂੰ ਤੁਰਕੀ ਫ਼ੌਜੀ ਵਿੱਦਿਆ ਲੈਣ ਲਈ ਭੇਜਿਆ ਗਿਆ ਜਿੱਥੇ ਉਨ੍ਹਾਂ ਕੁਸਤੁਨਤਨੀਆਂ ਫ਼ੌਜੀ ਕਾਲਜ ਤੋਂ ਉੱਚ ਵਿੱਦਿਆ ਪ੍ਰਾਪਤ ਕਰ ਕੇ ਇਸ ਲਹਿਰ ਦੇ ਜਨਮ ਦਾਤਾ ਸਨ। ਉਹ ਭਾਰਤੀ ਜ਼ੁਬਾਨਾਂ ਤੋਂ ਇਲਾਵਾ 14 ਵਿਦੇਸ਼ੀ ਜ਼ੁਬਾਨਾਂ ਦੇ ਮਾਹਰ ਸਨ। ਉਹ ਇਕ ਮਹਾਨ ਜਰਨੈਲ, ਮਹਾਨ ਸਿਆਸਤਦਾਨ, ਲੇਖਕ, ਕੀਲ ਲੈਣ ਵਾਲੇ ਬੁਲਾਰੇ, ਆਗੂ, ਤਿਆਗੀ, ਤਪੱਸਵੀ ਤੇ ਸੂਰਮੇ ਦੇਸ਼ ਭਗਤ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਮਿਕਨਾਤੀਸੀ ਖਿੱਚ ਹੁੰਦੀ ਸੀ। ਉਨ੍ਹਾਂ ਦੀ ਲਗਨ, ਲੋਕ ਸੇਵਾ, ਸਾਦਗੀ, ਨਿਸ਼ਕਾਮਤਾ ਆਪਣੇ-ਆਪ ਵਿਚ ਇਕ ਮਿਸਾਲ ਹੈ। ਸਰਕਾਰ ਨੇ ਇਸ ਪਰਿਵਾਰ ਵੱਲ ਕਦੇ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਉਨ੍ਹਾਂ ਦੀ ਕੋਈ ਉਚੇਚੀ ਵੱਡੀ ਯਾਦਗਾਰ ਹੀ ਬਣਾਈ ਹੈ। ਨਾ ਹੀ ਉਨ੍ਹਾਂ ਦੇ ਪਿੰਡ ਨੂੰ ਇਤਿਹਾਸਕ ਕਰਾਰ ਦਿੱਤਾ ਹੈ। ਉਨ੍ਹਾਂ ਦੇ ਪਿੰਡ ਦੇ ਮਕਾਨ ਦੇ ਨਜ਼ਦੀਕ ਉਨ੍ਹਾਂ ਦੀ ਇਕ ਛੋਟੀ ਜਿਹੀ ਸਮਾਧ ਜ਼ਰੂਰ ਬਣਾਈ ਗਈ ਹੈ। ਜਦਕਿ ਸਰਕਾਰ ਨੂੰ ਉਨ੍ਹਾਂ ਦੇ ਪਿੰਡ ਅਲੂਣਾ (ਹਰਦੋਛੰਨੀ) ਨੂੰ ਜਾਂਦੀ ਸੜਕ ਦਾ ਨਾਂ ਤੇਜਾ ਸਿੰਘ 'ਸੁਤੰਤਰ ਮਾਰਗ' ਰੱਖਣਾ ਚਾਹੀਦਾ ਹੈ। ਬਾਰਾਂ ਅਪ੍ਰੈਲ ਨੂੰ ਪਿੰਡ ਨਿਹਾਲਗੜ੍ਹ ਵਿਖੇ ਪਿੰਡ ਦੀ ਮਦਦ ਨਾਲ ਤੇਜਾ ਸਿੰਘ ਸੁਤੰਤਰ ਦਾ ਬੁੱਤ ਲਾਇਆ ਜਾ ਰਿਹਾ ਹੈ ਜਿਸ ਉੱਤੋਂ ਪਰਦਾ ਹਟਾਉਣ ਦੀ ਰਸਮ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਕਰ ਰਹੇ ਹਨ।













NOW OPEN
Sachkhand Travels Pvt Ltd
AIR TICKETS
HOLIDAY PACKAGES
FOREIGN EXCHANGE
27 Years INDUSTRY EXPERIENCE
NOW OPENED IN SURREY
SUITE 343, 9850 KING GEORGE
SURREY, BC, CANADA
Email : jaideep@sachkhandtravels.com
EXCLUSIVE DISCOUNTS FOR FLIGHTS
Sachkhand Travels Pvt Ltd
India 2 Offices: +91 11 4505 2828
Mob.: +91- 98116 97488
Sachkhand Travels Ltd
Canada: +1 778 965 2828
+1 778 955 2828
CONSUMER PROTECTION BC
IATA
Since 1997 India

Bank Turndown? Could be just what you need!

Quick Private Funds

- $10,000 to $1 Million in just 24 Hours
- Up to $5 Million Available



invis
Canada's Mortgage Experts™

Call today to get started
SANJEEV KATYAL
604.767.5194
Info@katyalmortgage.ca

WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਚੀਨੀ ਬੇੜੇ ਨੇ ਫਿਲਪੀਨਜ਼ ਦੇ ਜਹਾਜ਼ ਨੂੰ ਅੱਗੇ ਵਧਣ ਤੋਂ ਰੋਕਿਆ

ਮਾਲਾਬ੍ਰਿਗੋ-ਦੱਖਣੀ ਚੀਨ ਸਾਗਰ ਵਿੱਚ ਉਸ ਸਮੇਂ ਤਣਾਅ ਦਾ ਮਾਹੌਲ ਬਣ ਗਿਆ ਜਦੋਂ ਇੱਕ ਚੀਨੀ ਤੱਟ ਰੱਖਿਅਕ ਸਮੁੰਦਰੀ ਜਹਾਜ਼ ਨੇ ਵਿਵਾਦਿਤ ਇਲਾਕੇ ਫਿਲਪੀਨਜ਼ ਦੇ ਇੱਕ ਗਸ਼ਤੀ ਜਹਾਜ਼ ਨੂੰ ਰੋਕ ਦਿੱਤਾ। ਇਸ ਦੌਰਾਨ ਦੋਵੇਂ ਬੇੜਿਆਂ ਵਿਚਕਾਰ ਟੱਕਰ ਹੋਣੋਂ ਵਾਲ ਵਾਲ ਬਚ ਗਈ। ਇਸ ਘਟਨਾ ਨਾਲ ਟਕਰਾਅ ਦੀ ਸਥਿਤੀ ਬਣ ਗਈ ਸੀ। ਇਹ ਘਟਨਾ ਐਤਵਾਰ ਨੂੰ ਚੀਨ ਦੇ ਵੱਡੇ ਬੇੜੇ ਅਤੇ ਫਿਲਪੀਨਜ਼ ਦੇ ਸਾਹਿਲੀ ਰੱਖਿਅਕਾਂ ਦੇ ਬੀਆਰਪੀ ਮਾਲਾਪਾਸਕੂਆ ਵਿਚਕਾਰ ਵਾਪਰੀ। ਫਿਲਪੀਨਜ਼ ਨੇ ਚੀਨ ਦੇ ਦੱਖਣੀ ਚੀਨ ਸਾਗਰ 'ਚ ਵਧਦੇ ਹਮਲਾਵਰ ਰੁਖ ਦਾ ਪਰਦਾਫਾਸ਼ ਕਰਨ ਲਈ ਪੱਤਰਕਾਰਾਂ ਦੇ ਇੱਕ ਛੋਟੇ ਗਰੁੱਪ ਨੂੰ 1,670 ਕਿਲੋਮੀਟਰ ਗਸ਼ਤ ਵਾਲੇ ਜਹਾਜ਼ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। ਪੱਤਰਕਾਰ ਇਸ ਸਾਰੇ ਘਟਨਾਕ੍ਰਮ ਨੂੰ ਖਾਮੋਸ਼ੀ ਨਾਲ ਦੇਖਦੇ ਰਹੇ। ਫਿਲਪੀਨਜ਼ ਦਾ ਗਸ਼ਤੀ ਜਹਾਜ਼ ਜਦੋਂ ਚੀਨ ਦੇ ਕਬਜ਼ੇ ਵਾਲੇ ਖੇਤਰ ਵਿੱਚ ਪੁੱਜਾ ਤਾਂ ਉਸ ਰੇਡੀਓ 'ਤੇ ਅੰਗਰੇਜ਼ੀ ਅਤੇ ਚਾਇਨੀਜ਼ 'ਚ ਚਿਤਾਵਨੀਆਂ ਮਿਲੀਆਂ ਕਿ ਉਹ ਫੌਰੀ ਪਿੱਛੇ ਹਟ ਜਾਣ। ਚੀਨੀ ਤੱਟ ਰੱਖਿਅਕਾਂ ਅਤੇ ਜਲ ਸੈਨਾ ਦੇ ਰੇਡੀਓ ਕਾਲਰਾਂ ਨੇ ਦਾਅਵਾ ਕੀਤਾ ਕਿ ਫਿਲਪੀਨਜ਼ ਦਾ ਜਹਾਜ਼ ਪੇਈਚਿੰਗ ਦੇ ਨਿਰਵਿਵਾਦ ਖੇਤਰ 'ਚ ਆ ਗਿਆ ਹੈ ਅਤੇ ਇਲਾਕਾ ਤੁਰੰਤ ਛੱਡਣ ਲਈ ਧਮਕੀਆਂ ਦਿੱਤੀਆਂ। ਇਸ ਦੌਰਾਨ ਇੱਕ ਚੀਨੀ ਤੱਟ ਰੱਖਿਅਕ ਕਾਲਰ ਤੈਸ਼ ਵਿੱਚ ਆ ਗਿਆ ਅਤੇ ਉਸ ਨੇ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ। ਮਾਲਾਪਾਸਕੂਆ ਦੇ ਕਪਤਾਨ ਕੈਪਟਨ ਰੋਡੇਲ ਹਰਨਾਂਡੇਜ਼ ਨੇ ਕਿਹਾ ਕਿ ਚੀਨੀ ਜਹਾਜ਼ ਅਚਾਨਕ ਐਨ ਨੇੜੇ ਆ ਗਿਆ ਸੀ। ਟੱਕਰ ਤੋਂ ਬਚਣ ਲਈ ਹਰਨਾਂਡੇਜ਼ ਨੇ ਆਪਣੇ ਬੇੜੇ ਦੀ ਦਿਸ਼ਾ ਅਚਾਨਕ ਬਦਲ ਦਿੱਤੀ ਅਤੇ ਫਿਰ ਬੇੜੇ ਨੂੰ ਪੂਰੀ ਤਰ੍ਹਾਂ ਰੋਕਣ ਲਈ ਉਸ ਦਾ ਇੰਜਣ ਬੰਦ ਕਰ ਦਿੱਤਾ। ਜ਼ਿਕਰਯੋਗ ਹੈ ਕਿ ਚੀਨ ਲੰਬੇ ਸਮੇਂ ਤੋਂ ਮੰਗ ਕਰਦਾ ਆ ਰਿਹਾ ਹੈ ਕਿ ਫਿਲਪੀਨਜ਼ ਆਪਣੀ ਜਲ ਸੈਨਾ ਨੂੰ ਵਿਵਾਦਤ ਖੇਤਰ 'ਚੋਂ ਪੂਰੀ ਤਰ੍ਹਾਂ ਹਟਾ ਲਏ।

# ਅਦਾਲਤ ਵਿਚ ਵਕੀਲ ਵਲੋਂ ਬੇਅਦਬੀ ਦੇ ਦੋਸ਼ੀ ਉਪਰ ਗੋਲੀ ਚਲਾਉਣ ਦੀ ਕੋਸ਼ਿਸ਼

ਰੂਪਨਗਰ-ਇੱਥੋ ਜੁਡੀਸ਼ੀਅਲ ਮੈਜਿਸਟਰੇਟ ਰੂਪਨਗਰ ਦੀ ਅਦਾਲਤ ਵਿੱਚ ਉਸ ਸਮੇਂ ਅਫਰਾ ਤਫਰੀ ਦਾ ਮਾਹੌਲ ਪੈਦਾ ਹੋ ਗਿਆ ਜਦੋਂ ਇੱਕ ਵਕੀਲ ਨੇ ਜੱਜ ਸਾਹਿਬਾ ਦੇ ਸਾਹਮਣੇ ਮੋਰਿੰਡਾ ਦੇ ਗੁਰਦੁਆਰਾ ਸਾਹਿਬ ਵਿਖੇ ਬੇਅਦਬੀ ਕਰਨ ਵਾਲੇ ਮੁਲਜ਼ਮ ਜਸਬੀਰ ਸਿੰਘ ਜੱਸੀ 'ਤੇ ਪਿਸਤੌਲ ਤਾਣ ਲਿਆ। ਗਨੀਮਤ ਰਹੀ ਕਿ ਪਿਸਤੌਲ ਵਿੱਚੋਂ ਗੋਲੀ ਨਹੀਂ ਚੱਲੀ ਤੇ ਪੁਲੀਸ ਨੇ ਗੋਲੀ ਚਲਾਉਣ ਦੀ ਕੋਸ਼ਿਸ਼ ਕਰਨ ਵਾਲੇ ਐਡਵੋਕੇਟ ਸਾਹਿਬਜੀਤ ਸਿੰਘ ਖੁਰਾਲ ਵਾਸੀ ਮੋਰਿੰਡਾ ਨੂੰ ਕਾਬੂ ਕਰ ਲਿਆ। ਵਕੀਲ ਨੂੰ ਕਾਬੂ ਕਰਨ ਉਪਰੰਤ ਡੀ.ਐੱਸ.ਪੀ. ਤਲਵਿੰਦਰ ਸਿੰਘ ਤੇ ਸੀ.ਆਈ.ਏ. ਇੰਚਾਰਜ ਸਤਨਾਮ ਸਿੰਘ ਨੇ ਉਸ ਨੂੰ ਅਦਾਲਤ ਵਿੱਚੋਂ ਬਾਹਰ ਕੱਢ ਲਿਆ ਤੇ ਪੁਲੀਸ ਉਸ ਨੂੰ ਗੱਡੀ ਵਿੱਚ ਬਿਠਾ ਕੇ ਕਿਧਰੇ ਲੈ ਗਈ ਤੇ ਦੇਰ ਸ਼ਾਮ ਤੱਕ ਪੁਲੀਸ ਵੱਲੋਂ ਇਸ ਮਾਮਲੇ ਸਬੰਧੀ ਕੀਤੀ ਕਾਰਵਾਈ ਦੀ ਪੁਸ਼ਟੀ ਨਹੀਂ ਕੀਤੀ ਗਈ। ਇਸ ਸਬੰਧੀ ਸੰਪਰਕ ਕਰਨ ਦੀ ਕੋਸ਼ਿਸ਼ ਦੌਰਾਨ ਐੱਸ.ਐਚ.ਓ. ਸਿਟੀ ਰੂਪਨਗਰ ਦਾ ਮੋਬਾਈਲ ਸਵਿੱਚ-ਆਫ ਆਉਣ ਲੱਗ ਪਿਆ ਤੇ ਐੱਸ.ਐੱਸ.ਪੀ. ਰੂਪਨਗਰ ਵਿਵੇਕਸ਼ੀਲ ਸੋਨੀ ਨਾਲ ਵੀ ਗੱਲ ਨਹੀਂ ਹੋ ਸਕੀ।

## ਮੁਲਜ਼ਮ ਦਾ ਦੋ ਰੋਜ਼ਾ ਪੁਲੀਸ ਰਿਮਾਂਡ

ਗੁਰਦੁਆਰਾ ਕੋਤਵਾਲੀ ਸਾਹਿਬ ਵਿੱਚ ਬੇਅਦਬੀ ਕਾਂਡ ਦੇ ਮੁਲਜ਼ਮ



ਜਸਬੀਰ ਸਿੰਘ ਜੱਸੀ ਨੂੰ ਅੱਜ ਸੀਆਈਏ ਸਟਾਫ ਰੂਪਨਗਰ ਦੀ ਟੀਮ ਵੱਲੋਂ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਰੂਪਨਗਰ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਜੁਡੀਸ਼ਲ ਮੈਜਿਸਟਰੇਟ (ਫਸਟ ਕਲਾਸ) ਮੈਡਮ ਪਾਰੁਲ ਦੀ ਅਦਾਲਤ ਨੇ ਮੁਲਜ਼ਮ ਦਾ ਦੋ ਦਿਨਾਂ ਦਾ ਹੋਰ ਪੁਲੀਸ ਰਿਮਾਂਡ ਦੇ ਦਿੱਤਾ ਹੈ। 24 ਅਪਰੈਲ ਨੂੰ ਵਾਪਰੀ ਘਟਨਾ ਤੋਂ ਬਾਅਦ ਪੁਲੀਸ ਵੱਲੋਂ ਦੋ ਦਿਨ ਪਹਿਲਾਂ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ ਸੀ।

# ਅਮਰੀਕੀ ਪੱਤਰਕਾਰਾ ਵਲੋਂ ਸਾਬਕਾ ਰਾਸ਼ਟਰਪਤੀ ਟਰੰਪ ਉਪਰ ਬਲਾਤਕਾਰ ਦੇ ਦੋਸ਼

ਨਿਊਯਾਰਕ-ਅਮਰੀਕੀ ਪੱਤਰਕਾਰ, ਲੇਖਿਕਾ ਅਤੇ ਕਾਲਮਨਵੀਸ ਜੀਨ ਕੈਰੋਲ ਨੇ ਡੋਨਾਲਡ ਟਰੰਪ ਖ਼ਿਲਾਫ਼ ਅਦਾਲਤ ਵਿੱਚ ਸੁਣਵਾਈ ਦੌਰਾਨ ਦੋਸ਼ ਲਾਇਆ ਹੈ ਕਿ ਦੇਸ਼ ਦੇ ਸਾਬਕਾ ਰਾਸ਼ਟਰਪਤੀ ਨੇ ਲਗਜ਼ਰੀ ਡਿਪਾਰਟਮੈਂਟ ਸਟੋਰ ਵਿੱਚ ਉਸ ਨਾਲ ਬਲਾਤਕਾਰ ਕੀਤਾ। ਕੈਰੋਲ ਨੇ ਜੱਜਾਂ ਨੂੰ ਕਿਹਾ, 'ਮੈਂ ਇੱਥੇ ਹਾਂ ਕਿਉਂਕਿ ਡੋਨਾਲਡ ਟਰੰਪ ਨੇ ਮੇਰੇ ਨਾਲ ਬਲਾਤਕਾਰ ਕੀਤਾ ਅਤੇ ਜਦੋਂ ਮੈਂ ਇਸ ਬਾਰੇ ਲਿਖਿਆ ਤਾਂ ਉਸ ਨੇ ਇਸ ਤੋਂ ਇਨਕਾਰ ਕੀਤਾ।' ਜਦੋਂ ਕੈਰੋਲ 1996 ਵਿੱਚ ਆਪਣੇ ਕਥਿਤ ਬਲਾਤਕਾਰ ਬਾਰੇ ਅਦਾਲਤ ਵਿੱਚ ਗਵਾਹੀ ਦੇ ਰਹੀ ਸੀ ਤਾਂ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਇਸ ਕੇਸ ਨੂੰ 'ਫਰਜ਼ੀ ਅਤੇ ਝੂਠੀ ਕਹਾਣੀ' ਕਰਾਰ ਦਿੱਤਾ। ਕੈਰੋਲ ਨੇ ਅਦਾਲਤ ਨੂੰ ਦੱਸਿਆ ਕਿ ਉਹ 1996 ਵਿਚ ਸ਼ਾਮ ਨੂੰ ਬਰਗਡੋਰਫ ਗੁਡਮੈਨ ਵਿਖੇ ਟਰੰਪ ਨੂੰ ਮਿਲੀ, ਜਿੱਥੇ ਟਰੰਪ ਨੇ ਉਸ ਤੋਂ ਔਰਤਾਂ ਦੇ ਅੰਦਰੂਨੀ ਵਸਤਰ ਖਰੀਦਣ ਵਿਚ ਮਦਦ ਮੰਗੀ ਅਤੇ ਕੱਪੜੇ ਬਦਲਣ ਵਾਲੇ ਕਮਰੇ ਵਿਚ ਉਸ ਨਾਲ ਬਲਾਤਕਾਰ ਕੀਤਾ। ਉਸ ਨੇ ਕਿਹਾ ਕਿ ਕਈ ਦਹਾਕਿਆਂ ਤੱਕ ਉਸ ਨੇ ਆਪਣੇ ਦੋ ਦੋਸਤਾਂ ਨੂੰ ਛੱਡ ਕੇ ਕਿਸੇ ਨੂੰ ਨਹੀਂ ਦੱਸਿਆ ਕਿਉਂਕਿ ਉਸਨੂੰ ਡਰ ਸੀ ਕਿ ਟਰੰਪ ਉਸ ਤੋਂ ਬਦਲਾ ਲਵੇਗਾ ਅਤੇ ਉਸ ਨੂੰ ਉਦੋਂ ਲੱਗਿਆ ਜੋ ਹੋਇਆ ਉਹ ਉਸ ਦੀ ਗਲਤੀ ਸੀ।



# ਹੋਮਿਓਪੈਥੀ ਡਾਕਟਰ ਜਬਰ ਜਨਾਹ ਦੇ ਦੋਸ਼ ਹੇਠ ਗ੍ਰਿਫ਼ਤਾਰ

ਟੋਰਾਂਟੋ (ਸੇਖਾ)-ਪੀਲ ਪੁਲੀਸ ਨੇ ਮਹਿਲਾ ਮਰੀਜ਼ ਨਾਲ ਜਬਰ-ਜਨਾਹ ਦੇ ਦੋਸ਼ ਹੇਠ ਬਰੈਂਪਟਨ ਵਿੱਚ ਹੋਮਿਓਪੈਥੀ ਕਲੀਨਿਕ ਚਲਾਉਂਦੇ ਡਾ. ਸੁਨੀਲ ਆਨੰਦ (62) ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਅਨੁਸਾਰ ਮੁਲਜ਼ਮ ਆਪਣੇ ਨਿੱਜੀ ਕਲੀਨਿਕ ਦੇ ਨਾਲ-ਨਾਲ ਟੋਰਾਂਟੋ ਦੇ ਇੱਕ ਹੋਰ ਹੋਮਿਓਪੈਥੀ ਸਿਹਤ ਕੇਂਦਰ 'ਚ ਨੌਕਰੀ ਕਰਦਾ ਸੀ। ਇੱਕ ਹੋਰ ਮਾਮਲੇ ਵਿੱਚ ਯੌਰਕ ਪੁਲੀਸ ਮਹਿਲਾ ਸਵਾਰੀ ਨਾਲ ਛੇੜ-ਛਾੜ ਦੇ ਦੋਸ਼ ਹੇਠ ਬਰੈਂਪਟਨ ਵਾਸੀ ਉਬਰ ਟੈਕਸੀ ਡਰਾਈਵਰ ਵਿਕਰਮ ਲੱਧੜ (52) ਦੀ ਭਾਲ ਕਰ ਰਹੀ ਹੈ। ਇਸੇ ਦੌਰਾਨ ਟੋਰਾਂਟੋ ਪੁਲੀਸ ਨੇ ਚੋਰੀ ਹੋਈਆਂ 556 ਕਾਰਾਂ ਬਰਾਮਦ ਕੀਤੀਆਂ ਹਨ। ਟਰਾਂਟੋ ਪੁਲੀਸ ਦੇ ਸੁਪਰਡੈਂਟ ਰੌਬ ਟਵੈਰਨਰ ਨੇ ਦੱਸਿਆ ਕਿ ਉਨ੍ਹਾਂ ਪਿਛਲੇ ਦਿਨੀਂ ਚੋਰੀਆਂ ਹੋਈਆਂ 27 ਲੱਖ ਡਾਲਰ (17 ਕਰੋੜ ਰੁਪਏ) ਮੁੱਲ ਦੀਆਂ 556 ਕਾਰਾਂ ਬਰਾਮਦ ਕਰਕੇ 119 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚੋਂ 47 ਮੁਲਜ਼ਮ ਪੰਜਾਬੀ ਹਨ।

# ਟੋਰਾਂਟੋ ਕਾਰ ਚੋਰੀ ਮਾਮਲਿਆਂ ਵਿਚ ਮੁਲਜ਼ਮਾਂ 'ਚ 47 ਪੰਜਾਬੀ ਮੂਲ ਦੇ

ਟੋਰਾਂਟੋ (ਸੇਖਾ)-ਟੋਰਾਂਟੋ ਪੁਲੀਸ ਦੇ ਸੁਪਰਡੈਂਟ ਰੌਬ ਟਵੈਰਨਰ ਨੇ ਦੱਸਿਆ ਕਿ ਪੁਲਿਸ ਨੇ ਪਿਛਲੇ ਦਿਨਾਂ ਵਿਚ ਚੋਰੀ ਹੋਈਆਂ 556 ਕਾਰਾਂ ਬਰਾਮਦ ਕੀਤੀਆਂ ਹਨ ਜਿਨ੍ਹਾਂ ਦੀ ਕੀਮਤ ਕਰੀਬ 27 ਲੱਖ ਡਾਲਰ (17 ਕਰੋੜ ਰੁਪਏ) ਹੈ। ਇਸ ਮਾਮਲੇ ਵਿਚ ਪੁਲੀਸ ਨੇ 119 ਜਣਿਆਂ ਨੂੰ ਨਾਮਜ਼ਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵਿੱਚੋਂ 47 ਮੁਲਜ਼ਮ ਪੰਜਾਬੀ ਮੂਲ ਦੇ ਹਨ। ਪੁਲੀਸ ਅਫ਼ਸਰ ਨੇ ਦੱਸਿਆ ਕਿ ਉਨ੍ਹਾਂ ਕੁਝ ਕਾਰਾਂ ਮੌਂਟਰੀਅਲ ਦੀ ਬੰਦਰਗਾਹ ਤੋਂ ਉਸ ਵੇਲੇ ਬਰਾਮਦ ਕੀਤੀਆਂ ਜਦੋਂ ਉਨ੍ਹਾਂ ਨੂੰ ਕੰਟੇਨਰਾਂ 'ਚ ਵਿਦੇਸ਼ ਭੇਜਿਆ ਜਾ ਰਿਹਾ ਸੀ। ਪੁਲੀਸ ਨੇ ਮੁਲਜ਼ਮਾਂ ਦੀ ਸੂਚੀ ਜਾਰੀ ਕਰ ਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515

Dr. Anjanpal Kaur Bhalla

SUNNY SANGHA • PERSONAL REAL ESTATE CORPORATION

14317 31A AVENUE, SURREY


Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

#92 15111 EDMUND DRIVE

Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

UNIT 2808 13615 FRASER HWY


Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

LOT B 20444 46A AVENUE, LANGLEY


9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

LOT A 33734 MAYFAIR AVENUE, SURREY
Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.


Sunny Sangha
604-356-5555
SUNNY SANGHA
CENTURY 21 Coastal Realty Ltd
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

# ਸਮਝੌਤੇ ਮੁਤਾਬਕ ਦੁਵੱਲੇ ਮਸਲੇ ਹੱਲ ਕਰੇ ਚੀਨ-ਰਾਜਨਾਥ

## ਐੱਸਸੀਓ ਵਾਰਤਾ ਲਈ ਦਿੱਲੀ ਪੁੱਜੇ ਚੀਨੀ ਹਮਰੁਤਬਾ ਲੀ ਸ਼ਾਂਗਫੂ ਨੂੰ ਦਿੱਤੀ ਸਲਾਹ

ਨਵੀਂ ਦਿੱਲੀ-ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਚੀਨੀ ਹਮਰੁਤਬਾ ਲੀ ਸ਼ਾਂਗਫੂ ਨਾਲ ਗੱਲਬਾਤ ਕੀਤੀ। ਸਿੰਘ ਨੇ ਚੀਨ ਨੂੰ ਦਿੱਤੇ ਸੁਨੇਹੇ 'ਚ ਸਾਫ਼ ਕਰ ਦਿੱਤਾ ਕਿ ਭਾਰਤ-ਚੀਨ ਸਬੰਧਾਂ ਦਾ ਅੱਗੇ ਵਧਣਾ ਸਰਹੱਦ 'ਤੇ ਸ਼ਾਂਤੀ ਦੇ ਪਸਾਰ ਉੱਤੇ ਅਧਾਰਿਤ ਹੈ ਅਤੇ ਸਾਰੇ ਮੁੱਦਿਆਂ ਨੂੰ ਮੌਜੂਦਾ ਦੁਵੱਲੇ ਸਮਝੌਤਿਆਂ ਮੁਤਾਬਕ ਹੀ ਹੱਲ ਕੀਤਾ ਜਾਣਾ ਚਾਹੀਦਾ ਹੈ। ਸਿੰਘ ਨੇ ਦੁਹਰਾਇਆ ਕਿ ਮੌਜੂਦਾ ਸਮਝੌਤਿਆਂ ਦੀ ਉਲੰਘਣਾ ਨੇ ਦੁਵੱਲੇ ਸਬੰਧਾਂ ਦੇ ਆਧਾਰ ਨੂੰ 'ਖਤਮ' ਕਰ ਦਿੱਤਾ ਹੈ। ਲੀ ਭਾਰਤ ਦੀ ਮੇਜ਼ਬਾਨੀ ਵਿਚ ਸ਼ੰਘਾਈ ਸਹਿਯੋਗ ਸੰਗਠਨ (ਐੱਸਸੀਓ) ਦੇ ਰੱਖਿਆ ਮੰਤਰੀਆਂ ਦੀ ਬੈਠਕ ਵਿੱਚ ਹਾਜ਼ਰੀ ਭਰਨ ਲਈ ਨਵੀਂ ਦਿੱਲੀ ਵਿੱਚ ਹਨ। ਉਹ ਦੋ ਰੋਜ਼ਾ ਫੇਰੀ ਲਈ ਅੱਜ ਹੀ ਪੁੱਜੇ ਹਨ। ਪੂਰਬੀ ਲੱਦਾਖ ਵਿੱਚ ਤਿੰਨ ਸਾਲ ਪਹਿਲਾਂ ਸ਼ੁਰੂ ਹੋਏ ਸਰਹੱਦੀ ਵਿਵਾਦ ਮਗਰੋਂ ਕਿਸੇ ਚੀਨੀ ਰੱਖਿਆ ਮੰਤਰੀ ਦੀ ਇਹ ਪਲੇਠੀ ਭਾਰਤ ਫੇਰੀ ਹੈ। ਇਹ ਮੀਟਿੰਗ ਅਜਿਹੇ ਮੌਕੇ ਹੋਈ ਹੈ ਜਦੋਂ ਭਾਰਤ ਤੇ ਚੀਨ ਨੇ ਪਿਛਲੇ ਦਿਨੀਂ ਫੌਜੀ ਪੱਧਰ ਦੀ 18ਵੇਂ ਗੇੜ ਦੀ ਗੱਲਬਾਤ ਕੀਤੀ ਹੈ। ਰੱਖਿਆ ਮੰਤਰਾਲੇ ਨੇ ਕਿਹਾ ਕਿ ਦੋਵਾਂ ਮੰਤਰੀਆਂ ਨੇ ਭਾਰਤ-ਚੀਨ ਸਰਹੱਦੀ ਇਲਾਕਿਆਂ ਦੇ ਮੌਜੂਦਾ ਹਾਲਾਤ ਦੇ ਨਾਲ ਦੁਵੱਲੇ ਰਿਸ਼ਤਿਆਂ ਬਾਰੇ ਚਰਚਾ ਕੀਤੀ। ਕੋਰ ਕਮਾਂਡਰਾਂ ਦੀ 23 ਅਪਰੈਲ ਦੀ ਇਸ ਗੱਲਬਾਤ ਦੌਰਾਨ ਦੋਵਾਂ ਧਿਰਾਂ ਨੇ ਪੂਰਬੀ ਲੱਦਾਖ ਵਿੱਚ ਬਕਾਇਆ ਮੁੱਦਿਆਂ ਦਾ ਪਰਸਪਰ ਸਵੀਕਾਰਯੋਗ ਹੱਲ ਕੱਢਣ ਲਈ ਨੇੜਿਓਂ ਰਾਬਤਾ ਬਣਾ ਕੇ ਰੱਖਣ ਤੇ ਕੰਮ ਕਰਨ ਦੀ ਸਹਿਮਤੀ ਦਿੱਤੀ ਹੈ। ਉਂਜ ਅਜੇ ਤੱਕ ਜਮੂਦ ਨੂੰ ਤੋੜਨ ਲਈ ਕੋਈ ਸਪੱਸ਼ਟ ਪੇਸ਼ਕਦਮੀ ਨਜ਼ਰ ਨਹੀਂ ਆਈ। ਭਾਰਤ ਹਾਲਾਂਕਿ ਸਾਫ਼ ਕਰ ਚੁੱਕਾ ਹੈ ਕਿ ਸਰਹੱਦੀ ਇਲਾਕਿਆਂ ਵਿੱਚ ਅਮਨ ਬਿਨਾਂ ਚੀਨ ਨਾਲ ਰਿਸ਼ਤੇ ਆਮ ਵਾਂਗ ਨਹੀਂ ਹੋ ਸਕਦੇ। ਚੀਨ ਦੇ ਵਿਦੇਸ਼ ਮੰਤਰੀ ਕਿਨ ਗੈਂਗ ਵੀ ਅਗਲੇ ਹਫ਼ਤੇ (4 ਤੇ 5 ਮਈ ਨੂੰ) ਗੋਆ ਵਿੱਚ ਹੋ ਰਹੀ ਐੱਸਸੀਓ ਮੈਂਬਰ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਸ਼ਾਮਲ ਹੋਣਗੇ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਅੱਜ ਕਜ਼ਾਖਿਸਤਾਨ, ਇਰਾਨ ਤੇ ਤਾਜਿਕਿਸਤਾਨ ਦੇ ਆਪਣੇ ਹਮਰੁਤਬਾਵਾਂ ਨਾਲ ਵੱਖੋ ਵੱਖਰੀਆਂ ਬੈਠਕਾਂ ਕਰਕੇ ਦੁਵੱਲੇ ਮਸਲਿਆਂ 'ਤੇ ਗੱਲਬਾਤ ਕੀਤੀ। ਚੇਤੇ ਰਹੇ ਕਿ ਐੱਸਸੀਓ ਦੀ ਚੇਅਰਮੈਨੀ ਇਸ ਵੇਲੇ ਭਾਰਤ ਕੋਲ ਹੈ ਤੇ ਉਸ ਦੀ ਮੇਜ਼ਬਾਨੀ ਵਿੱਚ ਹੋ ਰਹੀ ਰੱਖਿਆ ਮੰਤਰੀਆਂ ਦੀ ਮੀਟਿੰਗ ਵਿੱਚ ਪਾਕਿਸਤਾਨ ਤੋਂ ਛੁੱਟ ਚੀਨ, ਰੂਸ ਤੇ ਹੋਰਨਾਂ ਮੈਂਬਰ ਮੁਲਕਾਂ ਦੇ ਨੁਮਾਇੰਦੇ ਵੀ ਸ਼ਾਮਲ ਹੋਣਗੇ। ਅਧਿਕਾਰੀਆਂ ਨੇ ਕਿਹਾ ਕਿ ਪਾਕਿ ਰੱਖਿਆ ਮੰਤਰੀ ਖਵਾਜਾ ਆਸਿਫ਼ ਵਰਚੁਅਲੀ ਬੈਠਕ 'ਚ ਹਾਜ਼ਰੀ ਭਰਨਗੇ।





# ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਮਿੱਤ ਅੰਤਿਮ ਰਸਮਾਂ ਵਿਚ ਸ਼ਾਮਲ ਹੋਏ ਮੁੱਖ ਮੰਤਰੀ ਭਗਵੰਤ ਮਾਨ

ਬਾਦਲ (ਸ੍ਰੀ ਮੁਕਤਸਰ ਸਾਹਿਬ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀਰਵਾਰ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਮਿੱਤ ਅੰਤਿਮ ਰਸਮਾਂ ਵਿੱਚ ਸ਼ਾਮਲ ਹੋਏ। ਮੁੱਖ ਮੰਤਰੀ ਨੇ ਅਕਾਲੀ ਆਗੂ ਦੇ ਜੱਦੀ ਪਿੰਡ ਜਾ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਨੇ ਸਾਬਕਾ ਮੁੱਖ ਮੰਤਰੀ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ਣ ਅਤੇ ਦੁਖੀ ਪਰਿਵਾਰ ਨੂੰ ਇਹ ਘਾਟਾ ਸਹਿਣ ਦੀ ਹਿੰਮਤ ਦੇਣ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ।


# ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / icon on its own and the heart and / icon followed by another icon or words are trademarks of the Heart and Stroke Foundation of Canada.


# ਉਲੰਪੀਅਨ ਮੁੱਕੇਬਾਜ ਸੂਬੇਦਾਰ ਕੌਰ ਸਿੰਘ ਦਾ ਦੇਹਾਂਤ

ਦਿੜ੍ਹਬਾ ਮੰਡੀ-ਇੱਥੋਂ ਨੇੜਲੇ ਪਿੰਡ ਖਨਾਲਖੁਰਦ ਦੇ ਓਲੰਪੀਅਨ ਮੁੱਕੇਬਾਜ਼, ਪਦਮਸ਼੍ਰੀ ਅਰਜੁਨ ਐਵਾਰਡੀ ਤੇ ਏਸ਼ਿਆਈ ਸੋਨ ਤਗ਼ਮਾ ਜੇਤੂ ਸੂਬੇਦਾਰ ਕੌਰ ਸਿੰਘ (75) ਦਾ ਦੇਰ ਰਾਤ ਦੇਹਾਂਤ ਹੋ ਗਿਆ। ਬੀਤੀ ਰਾਤ ਕੌਰ ਸਿੰਘ ਦੀ ਸਿਹਤ ਵਿਗੜਨ ਕਾਰਨ ਉਨ੍ਹਾਂ ਨੂੰ ਕੁਰੂਕਸ਼ੇਤਰ ਦੇ ਇੱਕ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਆਖ਼ਰੀ ਸਾਹ ਲਿਆ। ਕੌਰ ਸਿੰਘ ਦਾ ਸਸਕਾਰ ਬਾਅਦ ਦੁਪਹਿਰ ਉਨ੍ਹਾਂ ਦੇ ਜੱਦੀ ਪਿੰਡ ਖਨਾਲਖੁਰਦ ਵਿੱਚ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸੰਗਰੂਰ ਦੇ ਡਿਪਟੀ ਕਮਿਸ਼ਨਰ ਜਤਿੰਦਰ ਜ਼ੋਰਾਵਾਲ, ਐੱਸਡੀਐੱਮ ਦਿੜ੍ਹਬਾ ਰਾਜੇਸ਼ ਸ਼ਰਮਾ ਅਤੇ ਉੱਘੇ ਸਾਬਕਾ ਖਿਡਾਰੀਆਂ ਨੇ ਸ਼ਰਧਾਂਜਲੀ ਭੇਟ ਕੀਤੀ। ਕੌਰ ਸਿੰਘ 1970 ਵਿੱਚ ਫ਼ੌਜ 'ਚ ਭਰਤੀ ਹੋਇਆ ਸੀ ਅਤੇ ਕਰਨਲ ਬਲਜੀਤ ਸਿੰਘ ਦੀ ਪ੍ਰੇਰਨਾ ਸਦਕਾ ਉਸ ਨੇ ਪਹਿਲੀ ਵਾਰ ਖੇਡਦਿਆਂ ਸਿਕੰਦਰਾਵਾਦ ਨੈਸ਼ਨਲ ਮੁੱਕੇਬਾਜ਼ੀ ਵਿੱਚ ਸੋਨ ਤਗ਼ਮਾ ਜਿੱਤਿਆ। ਉਸ ਨੇ ਦੁਨੀਆ ਦੇ ਮਹਾਨ ਮੁੱਕੇਬਾਜ਼ ਮੁਹੰਮਦ ਅਲੀ ਦਾ ਮੁਕਾਬਲਾ ਕੀਤਾ। ਕੌਰ ਸਿੰਘ ਨੂੰ 1982 ਵਿੱਚ ਅਰਜੁਨ ਐਵਾਰਡ ਅਤੇ 1983 ਵਿੱਚ ਪਦਮਸ਼੍ਰੀ ਨਾਲ ਸਨਮਾਨਿਆ ਗਿਆ। ਉਨ੍ਹਾਂ 1984 ਵਿੱਚ ਅਮਰੀਕਾ ਵਿੱਚ ਹੋਈਆਂ ਓਲੰਪਿਕ ਖੇਡਾਂ ਵਿੱਚ ਭਾਗ ਲਿਆ, ਜਿੱਥੇ ਵਾਪਰੀ ਇੱਕ ਘਟਨਾ ਮਗਰੋਂ ਕੌਰ ਸਿੰਘ ਨੇ ਖੇਡਣਾ ਛੱਡ ਦਿੱਤਾ।



# ਅਦਾਕਾਰਾ ਜੀਆ ਖ਼ਾਨ ਖ਼ੁਦਕੁਸ਼ੀ ਮਾਮਲੇ 'ਚ ਸੂਰਜ ਪੰਚੋਲੀ ਬਰੀ

ਮੁੰਬਈ-ਅਦਾਕਾਰਾ ਜੀਆ ਖਾਨ ਦੀ ਖੁਦਕੁਸ਼ੀ ਦੇ ਕਰੀਬ 10 ਸਾਲ ਬਾਅਦ ਮੁੰਬਈ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵਲੋਂ ਇਸ ਮਾਮਲੇ 'ਚ ਆਪਣਾ ਫੈਸਲਾ ਸੁਣਾ ਦਿੱਤਾ ਗਿਆ ਹੈ। ਅਦਾਲਤ ਨੇ ਮਾਮਲੇ 'ਚ ਜੀਆ ਦੇ ਮਿੱਤਰ ਅਤੇ ਫਿਲਮ ਅਦਾਕਾਰ ਸੂਰਜ ਪੰਚੋਲੀ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ। ਸੂਰਜ ਅਭਿਨੇਤਾ ਆਦਿਤਿਆ ਪੰਚੋਲੀ ਅਤੇ ਜ਼ਰੀਨਾ ਵਹਾਬ ਦਾ ਪੁੱਤ ਹੈ। ਅਦਾਲਤ ਨੇ ਕਿਹਾ ਕਿ ਸਬੂਤਾਂ ਦੀ ਘਾਟ ਕਾਰਨ ਸੂਰਜ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਦਾ।




# TSM GALLERY

High quality artwork for your home or business, religious or public places.
We specialize in all kind of wallpaper installation.

Mehndi(henna), Jagua, Airbrush Body Art, Temporary Tattoo.
Learn in your spare time,
Earn extra income gain friends
Training available.

**Tejpal Singh Mann (Artist)**
**778-885-2197**

9353 120st Delta BC (By Appointment)
www.tsmgallery.ca | www.jollyarts.ca



# ਜੁਝਾਰੂ ਲੋਕ ਕਵੀ ਸੀ ਸੰਤ ਰਾਮ ਉਦਾਸੀ

**ਮਨਜੀਤ ਸਿੰਘ ਬਿਲਾਸਪੁਰ**

ਕਾਲਖ ਦੇ ਵਣਜਾਰਿਓ
ਚਾਨਣ ਕਦੇ ਹਰਿਆ ਨਹੀਂ,
ਓ ਕਿਰਨਾਂ ਦੇ ਕਾਤਿਲੋ,
ਸੂਰਜ ਕਦੇ ਮਰਿਆ ਨਹੀਂ।

ਵੀਹਵੀਂ ਸਦੀ ਦੇ ਅੱਧ ਵਿੱਚ ਦੇਸ਼ ਦੀ ਵੰਡ ਤੋਂ ਬਾਅਦ ਨਕਸਲਵਾਦੀ ਲਹਿਰ ਦੇ ਪ੍ਰਭਾਵ ਨੇ ਬਹੁਤ ਸਾਰੇ ਕਵੀਆਂ ਨੂੰ ਜਨਮ ਦਿੱਤਾ ਜਿਨ੍ਹਾਂ ਵਿੱਚੋਂ ਪਾਸ਼ ਅਤੇ ਸੰਤ ਰਾਮ ਉਦਾਸੀ ਸਿਰਕੱਢ ਕਵੀ ਸਨ। ਦੋਵਾਂ ਦੀ ਕਵਿਤਾ ਨੇ ਬਹੁਤ ਸਾਰੇ ਲੋਕਾਂ ਦੇ ਮਨਾਂ ਵਿੱਚ ਇਨਕਲਾਬ ਦੇ ਦੀਪ ਜਗਾਏ। ਵੀਹ ਅਪਰੈਲ 1939 ਨੂੰ ਉਸ ਸਮੇਂ ਦੇ ਜ਼ਿਲ੍ਹਾ ਸੰਗਰੂਰ ਦੀ ਤਹਿਸੀਲ ਬਰਨਾਲਾ (ਹੁਣ ਜ਼ਿਲ੍ਹਾ) ਦੇ ਪਿੰਡ ਰਾਏਸਰ ਵਿੱਚ ਖੇਤ ਮਜ਼ਦੂਰ ਮਿਹਰ ਸਿੰਘ ਦੇ ਘਰ ਸੰਤ ਰਾਮ ਉਦਾਸੀ ਦਾ ਜਨਮ ਹੋਇਆ। ਉਸ ਨੂੰ ਬਚਪਨ ਵਿੱਚ ਹੀ ਸਮਾਜਿਕ ਨਾਬਰਾਬਰੀ, ਆਰਥਿਕ, ਰਾਜਨੀਤਿਕ ਅਤੇ ਮਾਨਸਿਕ ਲੁੱਟ ਦਾ ਸ਼ਿਕਾਰ ਹੋਣਾ ਪਿਆ। ਇਸ ਲਈ ਉਸ ਨੇ ਜਮਾਤੀ ਯੁੱਧ, ਮਜ਼ਦੂਰਾਂ ਅਤੇ ਕਿਸਾਨਾਂ ਨੂੰ ਹੀ ਆਪਣੀ ਰਚਨਾ ਦਾ ਮੁੱਖ ਆਧਾਰ ਬਣਾਇਆ।

ਲੋਕ ਕਵੀ ਸੰਤ ਰਾਮ ਉਦਾਸੀ ਨੇ ਮਜ਼ਦੂਰਾਂ, ਕਿਸਾਨਾਂ ਅਤੇ ਸ਼ੋਸ਼ਿਤ ਹੋ ਰਹੇ ਹਰ ਵਰਗ ਨੂੰ ਸਰਮਾਏਦਾਰੀ ਖ਼ਿਲਾਫ਼ ਲਾਮਬੰਦ ਕਰਨ ਲਈ ਜੱਦੋ-ਜਹਿਦ ਕੀਤੀ। ਜਿਸ ਦੇ ਸਿੱਟੇ ਵਜੋਂ ਉਦਾਸੀ ਨੂੰ ਅਨੇਕਾਂ ਵਾਰ ਜੇਲ੍ਹ ਜਾਣਾ ਪਿਆ ਅਤੇ ਸਰੀਰਕ ਤੇ ਮਾਨਸਿਕ ਤਸੀਹੇ ਵੀ ਸਹਿਣ ਕਰਨੇ ਪਏ। ਜੇ ਉਦਾਸੀ ਦੇ ਰਚਨਾਤਮਿਕ ਦੌਰ ਦੀ ਗੱਲ ਕਰੀਏ ਤਾਂ ਸ਼ੁਰੂ ਸ਼ੁਰੂ ਵਿੱਚ ਉਸ ਦੀ ਕਵਿਤਾ ਅਧਿਆਤਮਵਾਦ ਦਾ ਪੱਖ ਪੂਰਦੀ ਹੈ। ਫਿਰ ਸਹਿਜੇ ਸਹਿਜੇ 1967 ਦੇ ਕਰੀਬ ਉਦਾਸੀ ਦੀ ਕਵਿਤਾ ਨਕਸਲਵਾਦੀ ਲਹਿਰ ਦੇ ਪ੍ਰਭਾਵ ਹੇਠ ਮਾਰਕਸਵਾਦ, ਲੈਨਿਨਵਾਦ ਤੇ ਮਾਓਵਾਦ ਦੀ ਸਮਝ ਰਾਹੀਂ ਜਮਾਤੀ ਸਮਾਜ ਦੀ ਬਣਤਰ ਦੇ ਗੁੰਝਲਦਾਰ ਨੁਕਤਿਆਂ ਦੀ ਗੱਲ ਕਰਨ ਲੱਗੀ। ਪਹਿਲਾਂ ਪਹਿਲ ਉਦਾਸੀ ਦੀ ਅਕਾਲੀ ਮੋਰਚਿਆਂ ਨਾਲ ਹਮਦਰਦੀ ਸੀ ਕਿਉਂਕਿ ਉਸ ਨੂੰ ਇਨ੍ਹਾਂ ਤੋਂ ਆਮ ਲੋਕਾਂ ਦੀ ਤਰਜਮਾਨੀ ਹੁੰਦੀ ਨਜ਼ਰ ਆ ਰਹੀ ਸੀ, ਪਰ ਫਿਰ ਉਸ ਨੂੰ ਖਲਾਅ ਹੀ ਨਜ਼ਰ ਆਇਆ। ਉਸ ਨੂੰ ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਰਾਹੀਂ ਹਕੀਕੀ ਇਨਕਲਾਬ ਦਾ ਸੁਪਨਾ ਸਾਕਾਰ ਹੁੰਦਾ ਵੀ ਨਜ਼ਰ ਨਹੀਂ ਆਇਆ। ਇਸ ਕਰਕੇ ਉਸ ਨੇ ਸਿਆਸੀ ਅਤੇ ਅਮਲੀ ਤੌਰ 'ਤੇ ਸਰਗਰਮ ਹੋ ਕੇ ਹਥਿਆਰਬੰਦ ਨਕਸਲੀਆਂ ਨਾਲ ਸਾਂਝ ਪਾ ਲਈ।



ਉਦਾਸੀ ਨੇ ਉੱਚੀ ਸੁਰ ਅਤੇ ਮਿੱਠੀ ਆਵਾਜ਼ ਜ਼ਰੀਏ ਪੰਜਾਬੀ ਕਵੀਆਂ ਵਿੱਚ ਆਪਣੀ ਵੱਖਰੀ ਪਛਾਣ ਸਥਾਪਤ ਕਰ ਲਈ। ਗ਼ਰੀਬ ਜਨਤਾ ਦੇ ਦਰਦਾਂ ਦੀ ਗੱਲ ਕਰਦੇ ਉਸ ਦੇ ਗੀਤ ਜਨਤਕ ਸਟੇਜਾਂ 'ਤੇ ਗੂੰਜਦੇ। ਜਿਵੇਂ:

**ਲੋਕੋ ਬਾਜ਼ ਆ ਜਾਓ ਝੂਠੇ ਲੀਡਰਾਂ ਤੋਂ,**
**ਇਨ੍ਹਾਂ ਦੇਸ਼ ਨੂੰ ਬਿਲੇ ਲਗਾ ਛੱਡਣਾ।**
**ਇਨ੍ਹਾਂ ਦੇਸ਼ ਦਾ ਕੁਝ ਸੰਵਾਰਿਆ ਨਹੀਂ,**
**ਇਨ੍ਹਾਂ ਥੋਨੂੰ ਵੀ ਵੇਚ ਕੇ ਖਾ ਛੱਡਣਾ।**
**ਉਸ ਦੀ ਸੁਪ੍ਰਸਿੱਧ ਕਵਿਤਾ ਦੇ ਬੋਲ ਹਨ:**
**ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ**
**ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।**

ਇਹ ਬੋਲ ਲੋਕ ਆਵਾਜ਼ ਬਣ ਗਏ। ਉਸ ਨੇ ਕਈ ਦਰਜਨ ਕਵਿਤਾਵਾਂ ਦੀ ਰਚਨਾ ਕੀਤੀ। ਅਜਿਹੀ ਸੋਚ ਦਾ ਧਾਰਨੀ ਹੋਣ ਕਰਕੇ ਲੋਕ ਮੁਕਤੀ ਦੇ ਜੁਝਾਰੂ ਸਿਪਾਹੀ ਸੰਤ ਰਾਮ ਉਦਾਸੀ ਨੂੰ ਸਮੇਂ ਦੀ ਹਕੂਮਤ ਨੇ ਜ਼ੁਲਮਾਂ ਦਾ ਸ਼ਿਕਾਰ ਬਣਾਇਆ। ਉਦਾਸੀ ਨੇ ਆਪਣੀਆਂ ਕਿਤਾਬਾਂ 'ਲਹੂ ਭਿੱਜੇ ਬੋਲ', 'ਸੈਨਤਾਂ', 'ਚੌਨੁਕਰੀਆਂ ਸੀਖਾਂ' ਆਦਿ ਰਾਹੀਂ ਇਨਕਲਾਬੀ ਸਾਹਿਤ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਇਆ। ਰੇਡੀਓ ਅਤੇ ਜਨਤਕ ਸਟੇਜਾਂ 'ਤੇ ਉਦਾਸੀ ਦੀ ਸੁਰੀਲੀ ਅਤੇ ਲੰਮੀ ਹੇਕ ਸਰੋਤਿਆਂ ਨੂੰ ਕੀਲ ਕੇ ਰੱਖ ਦਿੰਦੀ ਸੀ ਜਿਸ ਦੀ ਬਦੌਲਤ ਉਸ ਨੂੰ ਫ਼ਿਲਮਾਂ ਵਿੱਚ ਗਾਉਣ ਦੇ ਸੱਦੇ ਆਉਣ ਲੱਗੇ, ਪਰ ਉਸ ਨੇ ਫੋਕੀ ਸ਼ੋਹਰਤ ਅਤੇ ਧਨ ਪ੍ਰਾਪਤੀ ਦੀ ਲਾਲਸਾ ਨੂੰ ਨੇੜੇ ਨਹੀਂ ਢੁੱਕਣ ਦਿੱਤਾ। ਸੱਤ ਨਵੰਬਰ 1986 ਨੂੰ ਮਹਾਂਰਾਸ਼ਟਰ ਦੀ ਧਰਤੀ 'ਤੇ ਚੱਲਦੀ ਹੋਈ ਰੇਲ ਗੱਡੀ ਵਿੱਚ ਇਸ ਕ੍ਰਾਂਤੀਕਾਰੀ ਯੋਧੇ, ਸਿਰੜੀ ਮਨੁੱਖ ਅਤੇ ਅਣਖੀਲੇ ਸ਼ਖ਼ਸ ਦੀ ਬੇਵਕਤ ਅਤੇ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ। ਪਰ ਅਫ਼ਸੋਸ! ਉਸ ਸਮੇਂ ਦੀ ਭਾਰਤ ਸਰਕਾਰ ਦੇ ਸੱਦੇ 'ਤੇ ਦਿੱਲੀ ਦੇ ਲਾਲ ਕਿਲ੍ਹੇ 'ਤੇ ਉੱਚੀ ਉੱਚੀ ਹੇਕਾਂ ਲਾ ਕੇ ਗਾਉਣ ਵਾਲੇ ਇਸ ਮਹਾਨ ਕਵੀ ਨੂੰ ਲਾਵਾਰਿਸ ਕਰਾਰ ਦੇ ਕੇ ਉੱਥੇ ਹੀ ਉਸ ਦਾ ਸਸਕਾਰ ਕਰ ਦਿੱਤਾ ਗਿਆ।

## ਅਰੁਣਾਚਲ ਪ੍ਰਦੇਸ ਵਿਚ ਗੁਰਦੁਆਰੇ ਨੂੰ ਬੁੱਧ ਮੰਦਿਰ ਵਿਚ ਤਬਦੀਲ ਕੀਤੇ ਜਾਣ ਦੀ ਰਿਪੋਰਟ ਮੰਗੀ

ਨਵੀਂ ਦਿੱਲੀ (ਦਿਓਲ)-ਕੌਮੀ ਘੱਟ ਗਿਣਤੀ ਕਮਿਸ਼ਨ (ਐੱਨਸੀਐੱਮ) ਨੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਕੋਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਸ ਦਲੀਲ 'ਤੇ ਵਿਸਥਾਰ ਵਿੱਚ ਰਿਪੋਰਟ ਮੰਗੀ ਹੈ ਕਿ ਮੇਚੁਕਾ ਵਿੱਚ ਗੁਰੂ ਨਾਨਕ ਦੇਵ ਨਾਲ ਸਬੰਧਤ ਇਕ ਇਤਿਹਾਸਕ ਸਥਾਨ ਨੂੰ ਬੁੱਧ ਮੰਦਰ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਇਸੇ ਦੌਰਾਨ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਪੰਜਾਬ ਵਿੱਚ ਪਿਛਲੇ 45 ਸਾਲਾਂ 'ਚ ਬੇਅਦਬੀ ਦੀਆਂ ਜਿੰਨੀਆਂ ਘਟਨਾਵਾਂ ਵਾਪਰੀਆਂ ਹਨ ਉਨ੍ਹਾਂ ਦੀ ਸੂਚੀ ਦਿੱਤੀ ਜਾਵੇ। ਐੱਨਸੀਐੱਮ ਵੱਲੋਂ ਸੋਮਵਾਰ ਨੂੰ ਜਾਰੀ ਇਕ ਬਿਆਨ ਅਨੁਸਾਰ ਕਮਿਸ਼ਨ ਨੇ 'ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿੱਚ ਗੁਰੂ ਨਾਨਕ ਦੇਵ ਨਾਲ ਸਬੰਧਤ ਇਤਿਹਾਸਕ ਸਥਾਨ ਨੂੰ ਬੁੱਧ ਮੰਦਰ ਵਿੱਚ ਤਬਦੀਲ ਕਰਨ' ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਇਤਰਾਜ਼ ਦਾ ਨੋਟਿਸ ਲਿਆ ਹੈ। ਬਿਆਨ ਮੁਤਾਬਕ, "ਕਿਉਂਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਸਿੱਖਾਂ ਦੀ ਧਾਰਮਿਕ ਆਸਥਾ ਨੂੰ ਠੇਸ ਪਹੁੰਚਾਉਂਦੀਆਂ ਹਨ ਅਤੇ ਉਨ੍ਹਾਂ ਵਿਚਾਲੇ ਭੇਦਭਾਵ ਦੀ ਭਾਵਨਾ ਪੈਦਾ ਕਰਦੀਆਂ ਹਨ, ਇਸ ਵਾਸਤੇ ਕਮਿਸ਼ਨ ਨੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਨੂੰ 24 ਅਪਰੈਲ 2023 ਨੂੰ ਇਕ ਪੱਤਰ ਭੇਜ ਕੇ ਕਮਿਸ਼ਨ ਸਾਹਮਣੇ ਵਿਚਾਰਅਧੀਨ ਮਾਮਲੇ 'ਤੇ ਵਿਸਥਾਰ 'ਚ ਰਿਪੋਰਟ ਮੰਗੀ ਹੈ।" ਬਿਆਨ ਵਿੱਚ ਐੱਨਸੀਐੱਮ ਨੇ ਲੋਕਾਂ ਨੂੰ ਸ਼ਾਂਤੀ ਤੇ ਧੀਰਜ ਬਣਾ ਕੇ ਰੱਖਣ ਦੀ ਅਪੀਲ ਵੀ ਕੀਤੀ ਹੈ। ਇਕ ਹੋਰ ਬਿਆਨ ਵਿੱਚ ਕਮਿਸ਼ਨ ਨੇ ਕਿਹਾ ਕਿ ਧਿਆਨ ਵਿੱਚ ਆਇਆ ਹੈ ਕਿ ਇਕ ਵਿਅਕਤੀ ਨੇ ਪੰਜਾਬ ਦੇ ਮੋਰਿੰਡਾ ਵਿੱਚ ਇਕ ਗੁਰਦੁਆਰੇ 'ਚ ਵੜ ਕੇ ਪਾਠ ਕਰ ਰਹੇ ਗ੍ਰੰਥੀਆਂ 'ਤੇ ਹਮਲਾ ਕੀਤਾ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵੀ ਕੀਤੀ। ਹਾਲਾਂਕਿ, ਇਸ ਮਾਮਲੇ 'ਚ ਮੁਲਜ਼ਮ ਦੀ ਪਛਾਣ ਹੋ ਚੁੱਕੀ ਹੈ ਅਤੇ ਉਸ ਖ਼ਿਲਾਫ਼ ਅਪਰਾਧਿਕ ਕਾਰਵਾਈ ਕੀਤੀ ਜਾ ਸਕਦੀ ਹੈ। ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਪੰਜਾਬ ਵਿੱਚ ਪਿਛਲੇ 45 ਸਾਲਾਂ 'ਚ ਬੇਅਦਬੀ ਦੀਆਂ ਜਿੰਨੀਆਂ ਘਟਨਾਵਾਂ ਵਾਪਰੀਆਂ ਹਨ ਉਨ੍ਹਾਂ ਦੀ ਸੂਚੀ ਦਿੱਤੀ ਜਾਵੇ। ਕਮਿਸ਼ਨ ਨੇ ਸ਼ਾਂਤੀ ਤੇ ਧੀਰਜ ਬਣਾ ਕੇ ਰੱਖਣ ਦੀ ਅਪੀਲ ਕੀਤੀ ਹੈ।

## ਭਾਈ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰੀ ਉਪਰੰਤ ਆਸਾਮ ਦੀ ਡਿਬਰੂਗੜ੍ਹ ਜੇਲ ਵਿਚ ਭੇਜਿਆ

ਜਲੰਧਰ (ਜਤਿੰਦਰ)- 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਜੋ ਪਿਛਲੇ 35 ਦਿਨਾਂ ਤੋ ਭਗੌੜੇ ਸਨ, ਨੂੰ ਪਿੰਡ ਰੋਡੇ ਤੋ ਗ੍ਰਿਫਤਾਰ ਕਰਨ ਉਪਰੰਤ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅਸਾਮ ਦੇ ਡਿਬਰੂਗੜ੍ਹ ਸਥਿਤ ਕੇਂਦਰੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ। ਪੰਜਾਬ ਪੁਲੀਸ ਤੇ ਕੌਮੀ ਸੁਰੱਖਿਆ ਏਜੰਸੀ (ਐੱਨਐੱਸਏ) ਦੇ ਅਧਿਕਾਰੀ ਵੀ ਅੰਮ੍ਰਿਤਪਾਲ ਸਿੰਘ ਦੇ ਨਾਲ ਡਿਬਰੂਗੜ੍ਹ ਪਹੁੰਚੇ ਹਨ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੇ ਡਿਬਰੂਗੜ੍ਹ ਜੇਲ੍ਹ ਵਿੱਚ ਪਹੁੰਚਾਉਣ ਲਈ ਬਠਿੰਡਾ ਤੋਂ ਰਵਾਨਾ ਹੋਇਆ ਵਿਸ਼ੇਸ਼ ਹਵਾਈ ਜਹਾਜ਼ ਕੁੱਝ ਘੰਟੇ ਪਹਿਲਾਂ ਡਿਬਰੂਗੜ੍ਹ ਦੇ ਹਵਾਈ ਅੱਡੇ 'ਤੇ ਉਤਰਿਆ ਸੀ। ਇਸਤੋ ਪਹਿਲਾਂ ਸੰਸਥਾ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਪੁਲੀਸ ਨੇ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਦੇ ਗੁਰਦੁਆਰਾ ਸਾਹਿਬ ਚੋ ਸਵੇਰੇ ਗ੍ਰਿਫ਼ਤਾਰ ਕੀਤਾ ਸੀ । ਜਦੋਂਕਿ ਉਸ ਵਲੋਂ ਇਕ ਵੀਡੀਓ ਰਾਹੀ ਆਤਮ ਸਮਰਪਣ ਕਰਨ ਦੀ ਗੱਲ ਕਹੀ ਗਈ ਸੀ । ਉਹ 18 ਮਾਰਚ ਤੋਂ ਭਗੌੜਾ ਸੀ। ਮੀਡੀਆ ਨੂੰ ਸੰਬੋਧਨ ਕਰਦਿਆਂ ਆਈਜੀ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਪੁਲੀਸ ਨੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪਿਛਲੇ 35 ਦਿਨਾਂ ਤੋਂ ਉਸ 'ਤੇ ਦਬਾਅ ਬਣਾਇਆ ਹੋਇਆ ਸੀ। ਉਸ ਦੇ ਖ਼ਿਲਾਫ਼ ਐੱਨਐੱਸਏ ਤਹਿਤ ਕੇਸ ਦਰਜ ਹੈ। ਅੰਮ੍ਰਿਤਪਾਲ ਨੂੰ ਅਸਾਮ ਦੇ ਡਿਬਰੂਗੜ੍ਹ ਜੇਲ੍ਹ ਵਿੱਚ ਸ਼ਿਫਟ ਕੀਤਾ ਗਿਆ ਹੈ। ਇਸ ਜੇਲ੍ਹ ਵਿੱਚ ਐੱਨਐੱਸਏ ਤਹਿਤ ਪਹਿਲਾਂ ਤੋਂ ਹੀ ਉਸ ਦੇ ਅੱਠ ਸਾਥੀ ਬੰਦ ਹਨ।


# ROHITA PANNU LAW CORPORATION

**BARRISTER & SOLICITOR**




**SERVICES**

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

**Ph: 604.589.1399**

**Fax : 604.589.1556**

www.rohitapannulaw.com

# 102-9278, 120th Street, Surrey, BC V3V 4W8




from $1.98 SF
Berber
Installed

Textured Saxony
Installed
from $2.28 SF

Laminate Floor
8.3mm thick
25 years warranty
Click Do It Yourself
German technology
.99 cent

Commercial Carpet
Starts From .78 cent

Berber
Starts From .78 cent

Area Rug (5x8)
Starts From $68

ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS

NOBODY KNOWS FLOORING
LIKE DREAM CARPETS

SERVING WESTERN CANADA
FOR OVER 38 YEARS


Ashok

VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00


Perry

SURREY / DELTA
8385 - 120th Street
604-572-8788
Monday to Saturday
9:00-5:30
Sunday Closed


Butch

RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00




## ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ


604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1945 ਸਦਾ ਕੌਰ ਸਰਦਾਰਨੀ ਲੈ ਫੌਜਾਂ, ਦਿੱਲੀ ਦਰਵਾਜ਼ੇ ਨੂੰ ਜਾ ਕੇ ਘੇਰਿਆ ਏ।
ਦੂਜੇ ਦਲ ਨੂੰ ਲੈ ਰਣਜੀਤ ਸਿੰਘ ਨੇ, ਲਹੌਰੀ ਦਰਵਾਜ਼ੇ ਦਾ ਮੱਥਾ ਉਚੇਰਿਆ ਏ।
ਕੁੱਝ ਸੰਤਰੀ ਰੋਕਾਂ ਪਾਉਣ ਲੱਗੇ, ਸਿੰਘਾਂ ਉਨ੍ਹਾਂ ਨੂੰ ਪਰੇ ਸਸਕੇਰਿਆ ਏ।
ਹਰਚੰਦ ਸਿੰਘਾ ਰੱਖ ਬਰੂਦ ਹੇਠਾਂ, ਫਸੀਲ ਉੱਡੀ ਦਰਵਾਜ਼ਾ ਗੇਰਿਆ ਏ॥
1946 ਦੋ ਹਜ਼ਾਰ ਫੌਜੀ ਅਤੇ ਚਾਰ ਤੋਪਾਂ, ਰਣਜੀਤ ਸਿੰਘ ਲੈ ਕਿਲ੍ਹੇ ਦੇ ਵੱਲ ਧਾਇਆ।
ਚੇਤ ਸਿੰਘ ਸੀ ਕਿਲ੍ਹੇ ਦੇ ਵਿੱਚ ਬੈਠਾ, ਡੇਰਾ ਸਾਹਮਣੇ ਕਿਲ੍ਹੇ ਦੇ ਆਣ ਲਾਇਆ।
ਤੋਪਾਂ ਬੀੜੀਆਂ ਸਾਹਮਣੇ ਚਾਰ ਜਾ ਕੇ, ਗੋਲੇ ਮਾਰਕੇ ਕਿਲਾ ਨਾ ਮੂਲ ਢਾਇਆ।
ਹਰਚੰਦ ਸਿੰਘਾ ਆਪ ਹੀ ਬਾਹਰ ਆ ਜਾ, ਚੇਤ ਸਿੰਘ ਦੇ ਕੰਨੀ ਜਾ ਪਾਇਆ॥

### ਚੇਤ ਸਿੰਘ ਨੇ ਦੂਤ ਭੇਜਣੇ

1947 ਦੂਜੇ ਦਿਨ ਦੂਤ ਸੀ ਚੇਤ ਸਿੰਘ ਦੇ, ਚੱਲ ਸ਼ੇਰ-ਏ-ਪੰਜਾਬ ਦੇ ਕੋਲ ਆਏ।
ਜਾਨ ਬਖ਼ਸ਼ੀ ਕਰੋਂ ਸਰਦਾਰ ਦੀ ਜੇ, ਬਾਹਰ ਕਿਲ੍ਹੇ ਦੇ ਬੂਹੇ ਖੋਲ੍ਹ ਆਏ।
ਕਰੂੰ ਪਾਲਣਾ ਆਪਦੇ ਹੁਕਮ ਦੀ ਉਹ, ਅਸੀਂ ਲੈ ਕੇ ਉਸਦੇ ਬੋਲ ਆਏ।
ਰਣਜੀਤ ਸਿੰਘ ਨੇ ਕਿਹਾ ਹਰਚੰਦ ਸਿੰਘਾ, ਸਾਡੇ ਪਾਸ ਉਹ ਹੋ ਅਡੋਲ ਆਏ॥
1948 ਚੇਤ ਸਿੰਘ ਕਿਲ੍ਹੇ 'ਚੋਂ ਬਾਹਰ ਆਇਆ, ਹੱਥ ਜੋੜੇ ਪਰਨਾ ਪਾਇਆ ਜੇ।
ਰਣਜੀਤ ਸਿੰਘ ਨੇ ਉਸਦਾ ਮਾਨ ਕੀਤਾ, ਗੁੱਸਾ-ਗਿਲ੍ਹਾ ਮਨਾਂ 'ਚੋਂ ਲਾਹਿਆ ਜੇ।
ਜਵਾਬ ਫ਼ਤਿ ਦਾ ਫ਼ਤਿ ਦੇ ਵਿੱਚ ਦਿੱਤਾ, ਨਾਲ ਪਿਆਰ ਦੇ ਹੱਥ ਮਿਲਾਇਆ ਜੇ।
ਹਰਚੰਦ ਸਿੰਘਾ ਦੇਹ ਜਗੀਰ ਉਸਨੂੰ, ਸੱਚੇ ਸਿੱਖ ਦਾ ਪਰਨ ਨਿਭਾਇਆ ਜੇ॥
1949 ਰਣਜੀਤ ਸਿੰਘ ਨੇ ਸਰ ਲਾਹੌਰ ਕੀਤਾ, ਇੱਕ ਪੈਸਾ ਵੀ ਕਿਸੇ ਤੋਂ ਲੁੱਟਿਆ ਨਾ।
ਲਾਹੌਰ ਹੁਕਮ ਕੀਤਾ ਸਰਕਾਰ ਨੇ ਸਾਰਿਆਂ ਨੂੰ, ਗੱਲ ਕਿਸੇ ਗਰੀਬ ਦਾ ਘੁੱਟਿਆ ਨਾ।
ਬਖਸ਼ੀਸ ਦਿੱਤੀ ਪੱਲਿਓਂ ਫ਼ੌਜੀਆਂ ਨੂੰ, ਭਾਰ ਲੋਕਾਂ ਤੇ ਭੋਰਾ ਵੀ ਸੁੱਟਿਆ ਨਾ।
ਸਦਾ ਕੌਰ ਦੇ ਬਲਿਹਾਰ ਹਰਚੰਦ ਸਿੰਘਾ, ਸੱਪ ਮਾਰਿਆ ਸੋਟਾ ਵੀ ਟੁੱਟਿਆ ਨਾ॥

### ਸ਼ੇਰੇ ਪੰਜਾਬ ਭਰ ਨੌਜਵਾਨ ਸਰਦਾਰ ਰਣਜੀਤ ਸਿੰਘ ਨੇ ਕਿਲ੍ਹੇ ਵਿੱਚ ਦਾਖਲ ਹੋਣਾ

1950 ਸਦਾ ਕੌਰ ਸਰਦਾਰਨੀ ਨਾਲ ਲੈ ਕੇ, ਚੇਤ ਸਿੰਘ ਵੀ ਨਾਲ ਤਿਆਰ ਕੀਤਾ।
ਨਾਲ ਆਪਣੇ ਲੈ ਸਰਦਾਰ ਸਾਰੇ, ਦੌਰਾ ਕਿਲੇ ਦਾ ਆਪ ਸਰਕਾਰ ਕੀਤਾ।
ਜਿੱਥੇ ਬੈਠਦਾ ਸ਼ਾਹ ਜ਼ਮਾਨ ਹੈ ਸੀ, ਸੰਮਨ ਬੁਰਜ ਦਾ ਜਾ ਦੀਦਾਰ ਕੀਤਾ।
ਸਾਂਝੇ ਰਾਜ ਦਾ ਅੱਜ ਹਰਚੰਦ ਸਿੰਘਾ, ਸਪਨਾ ਸੱਚ ਦਸਮ ਦਾਤਾਰ ਕੀਤਾ॥
1951 ਸਤਾਰਾਂ ਸੌ ਨੜਿੰਨਵੇਂ ਈਸਵੀ ਸਾਲ ਹੈ ਸੀ, ਰਣਜੀਤ ਸਿੰਘ ਦੇ ਹੱਥ ਲਾਹੌਰ ਹੋਇਆ।
ਸੌ ਸਾਲ ਖਾਲਸੇ ਤੇਗ ਵਾਹੀ, ਆਪਣੀ ਮਿੱਟੀ ਤੇ ਆਪਣਾ ਦੌਰ ਹੋਇਆ।
ਮਨੀ ਸਿੰਘ ਦੇ ਕੱਟੇ ਬੰਦ ਜਿੱਥੇ, ਜ਼ੁਲਮ ਸਿੰਘਾਂ ਤੇ ਬੜਾ ਮੂੰਹ ਜ਼ੋਰ ਹੋਇਆ।
ਜਿੱਥੇ ਸਿੰਘਾਂ ਦੇ ਸਿਰ ਪਏ ਵਿਕਦੇ ਸੀ, ਹਰਚੰਦ ਸਿੰਘਾ ਹੋਰ ਦਾ ਹੋਰ ਹੋਇਆ॥
1952 ਰਾਜਧਾਨੀ ਲਾਹੌਰ ਪੰਜਾਬ ਦੀ ਸੀ, ਸੋਹਣਾ ਕਿਲਾ ਤੇ ਮਹਿਲ-ਮੁਨਾਰ ਸੋਹਣੇ।
ਰਾਜ ਕੀਤਾ ਨਵਾਬਾਂ ਤੇ ਰਾਜਿਆਂ ਨੇ, ਰਾਹ ਮੋਕਲੇ ਅਤੇ ਬਜ਼ਾਰ ਸੋਹਣੇ।
ਰਾਵੀ ਚੁੰਮਦੀ ਇਸਦੇ ਪੈਰ ਆ ਕੇ, ਜਰਖ਼ੇਜ ਮਿੱਟੀ ਗੁਲੋ-ਗੁਲਜ਼ਾਰ ਸੋਹਣੇ।
ਹਰਚੰਦ ਸਿੰਘਾ ਲਾਹੌਰ ਦੇ ਕੀ ਕਹਿਣੇ, ਲੋਕੀ ਕਰਦੇ ਵਣਜ-ਵਪਾਰ ਸੋਹਣੇ॥
1953 ਖੁਸ਼ੀ ਜਿੱਤ ਦੀ ਕਰੀ ਲਾਹੌਰੀਆਂ ਨੇ, ਲੱਡੂ ਵੰਡੇ ਤੇ ਭੰਗੜੇ ਪਾਂਵਦੇ ਨੇ।
ਮੁਸਲਮ-ਹਿੰਦੂ-ਸਿੱਖ ਸਭ ਹੋ ਕੇ ਕੱਠੇ, ਗੀਤ ਗਲੀ ਬਜ਼ਾਰੀਂ ਗਾਂਵਦੇ ਨੇ।
ਦੀਪਮਾਲਾ ਰਾਤ ਨੂੰ ਕਰਨ ਲੱਗੇ, ਥਾਂ ਥਾਂ ਤੇ ਦੀਵੇ ਜਗਾਂਵਦੇ ਨੇ।
ਰਣਜੀਤ ਸਿੰਘ ਦੀ ਲੰਬੀ ਉਮਰ ਹੋਏ, ਹਰਚੰਦ ਸਿੰਘਾ ਸੁੱਖਾਂ ਮਨਾਂਵਦੇ ਨੇ॥

### ਰਣਜੀਤ ਸਿੰਘ ਨੇ ਕਈ ਦਿਨਾਂ ਪਿੱਛੋਂ ਲਹੌਰ ਦੀ ਫੇਰੀ ਪਾਉਣੀ

1954 ਫੇਰੀ ਲਾਹੌਰ ਦੀ ਰਣਜੀਤ ਸਿੰਘ ਪਾਈ, ਬੈਠਾ ਹਾਥੀ ਤੇ ਫੁੱਲ ਗੁਲਾਬ ਦਾ ਜੀ।
ਮੁੱਛਾਂ ਕੁੰਢੀਆਂ ਰੇਸ਼ਮੀ ਵਾਲ ਮੂੰਹ ਤੇ, ਕੋਈ ਅੰਤ ਨਾ ਉੱਥੇ ਸ਼ਬਾਬ ਦਾ ਜੀ।
ਸਿਰ ਕਲਗੀ ਮੋਤੀਆਂ ਨਾਲ ਗੁੰਦੀ, ਰੂਪ ਦਮਕਦਾ ਬੇ-ਹਿਸਾਬ ਦਾ ਜੀ।
ਹਰਚੰਦ ਸਿੰਘਾ ਆਏ ਦਰਸ਼ਨਾਂ ਨੂੰ, ਮਹਾਰਾਜਾ ਵੇਖਣ ਲੋਕ ਪੰਜਾਬ ਦਾ ਜੀ॥
1955 ਉੱਨੀ ਸਾਲ ਦਾ ਭਰ ਜਵਾਨ ਮੁੰਡਾ, ਅੱਜ ਸ਼ੇਰੇ ਪੰਜਾਬ ਕਹਾਂਵਦਾ ਏ।
ਆਣ ਮਾਈਆਂ ਮੱਥਾ ਚੁੰਮਦੀਆਂ ਨੇ, ਫੇਰੀ ਵਿੱਚ ਲਹੌਰ ਜਦ ਪਾਂਵਦਾ ਏ।
ਬੇ-ਖੌਫ਼ ਬਜ਼ਾਰਾਂ ਵਿੱਚ ਘੁੰਮੇ, ਪਾਏ ਜੱਫੀਆਂ ਹੱਥ ਮਿਲਾਂਵਦਾ ਏ।
ਮੁਸਲਮ, ਹਿੰਦੂ, ਸਿੱਖ ਹਰਚੰਦ ਸਿੰਘਾ, ਉਹਨੂੰ ਇੱਕੋ ਨਜ਼ਰੀਂ ਆਂਵਦਾ ਏ॥

### ਸਰਵ ਸਾਂਝੇ ਸਿੱਖ ਰਾਜ ਦੀ ਸਥਾਪਨਾ ਕਰਨੀ

1956 ਗੁੱਜਰਾਂਵਾਲੇ ਤੋਂ ਚੁੱਕ ਸਮਾਨ ਸਾਰਾ, ਵਿੱਚ ਲਾਹੌਰ ਦੇ ਆਣ ਟਿਕਾਇਆ ਏ।
ਰਸਮ ਕਰਕੇ ਸਾਰੀ ਰਾਜਿਆਂ ਦੀ, ਸੀਸ ਆਪਣੇ ਤਾਜ ਸਜਾਇਆ ਏ।
ਬੰਦਾ ਸਿੰਘ ਨੇ ਸ਼ੁਰੂ ਸੀ ਜੋ ਕੀਤਾ, ਸਿੱਕਾ ਗੁਰਾਂ ਦੇ ਨਾਮ ਚਲਾਇਆ ਏ।
ਹਰਚੰਦ ਸਿੰਘਾ ਸਾਂਝਾ ਸਾਰਿਆਂ ਦਾ, ਸਿੱਖ ਰਾਜ ਦਾ ਝੰਡਾ ਝੁਲਾਇਆ ਏ॥
1957 ਬਿਨਾਂ ਈਰਖਾ ਵਸਦੇ ਲੋਕ ਸਾਰੇ, ਅਮਨ-ਚੈਨ ਤੇ ਲੋਕਾਂ ਨੂੰ ਐਸ਼ ਹੋਈ।
ਬਜ਼ਾਰ ਖੁੱਲਦੇ ਹੋਣ ਵਪਾਰ ਲੱਗਾ, ਕਿਸੇ ਕਿਸਮ ਦੀ ਕਦੇ ਨਾ ਬਹਿਸ ਹੋਈ।
ਰਾਜਧਾਨੀ ਮੁੜ ਲਹੌਰ ਬਣਿਆ, ਮਹਾਰਾਜੇ ਦੀ ਵਿੱਚ ਰਹਾਇਸ਼ ਹੋਈ।
ਹਰਚੰਦ ਸਿੰਘਾ ਲੋਕ ਮਹਿਫੂਜ਼ ਹੋਏ, ਥਾਂ ਥਾਂ ਤੇ ਫੌਜ ਸੀ ਲੈਸ ਹੋਈ॥

### ਸਰਦਾਰਨੀ ਸਦਾ ਕੌਰ ਨੇ ਰਣਜੀਤ ਸਿੰਘ ਨੂੰ ਚੌਕਸ ਕਰਨਾ

1958 ਸਦਾ ਕੌਰ ਨੇ ਬੈਠ ਸਲਾਹ ਦਿੱਤੀ, ਬੇਟਾ ਸਿਰ ਤੇ ਮੁਸ਼ਕਲਾਂ ਭਾਰੀਆਂ ਨੇ।
ਗ਼ੈਰਾਂ ਨਾਲੋਂ ਆਪਣੇ ਵੱਧ ਵੈਰੀ, ਮਿਲਣ ਔਖੀਆਂ ਇਹ ਸਰਦਾਰੀਆਂ ਨੇ।
ਕਿਲੇ ਜਿਨ੍ਹਾਂ ਤੋਂ ਆਪ ਨੇ ਖੋਹ ਲਏ, ਉਨ੍ਹਾਂ ਧੂਣੀਆਂ ਮੁੜ ਕਟਾਰੀਆਂ ਨੇ।
ਹਰਚੰਦ ਸਿੰਘਾ ਗਾਫਲ ਜੋ ਹੋ ਗਈਆਂ, ਉਹੋ ਫ਼ੌਜਾਂ ਅੰਤ ਨੂੰ ਹਾਰੀਆਂ ਨੇ॥
1959 ਕਾਇਮ ਰੱਖੀਂ ਹੋਸ਼ ਤੇ ਜੋਸ਼ ਤਾਈਂ, ਮੰਜ਼ਿਲ ਅਜੇ ਹੈ ਬੜੀ ਦੂਰ ਬੇਟਾ।
ਅਜੇ ਪਹਿਲੀ ਪੂਣੀ ਹੈ ਸ਼ੁਰੂ ਕੀਤੀ, ਸੋਪ ਕੱਤਣਾ ਪੂਰਾਂ ਦੇ ਪੂਰ ਬੇਟਾ।
ਲੰਬਾ ਸਮਾਂ ਕਰਕੇ ਮਿਹਨਤਾਂ ਨੂੰ, ਫਿਰ ਪਏ ਬਾਗਾਂ ਵਿੱਚ ਬੂਰ ਬੇਟਾ।
ਹਰਚੰਦ ਸਿੰਘਾ ਜਿਸਦੇ ਨਾਲ ਪਰਜਾ, ਉਸੇ ਨਾਲ ਹੀ ਹੁੰਦਾ ਹਜ਼ੂਰ ਬੇਟਾ॥
1960 ਰਾਜਾ ਸ਼ਾਮਲਾਟ ਦੇ ਰੁੱਖ ਜੈਸਾ, ਸਾਂਝੀ ਸਭ ਲਈ ਉਸਦੀ ਛਾਂ ਸ਼ੇਰਾ।
ਜੋ ਆਏ ਉਸਨੂੰ ਛਾਂ ਦੇਵੇ, ਪੁੱਛੇ ਜਾਤ, ਧਰਮ ਨਾ ਨਾਂ ਸ਼ੇਰਾ।
ਰੱਬੀ ਨੂਰ ਸਾਰਿਆਂ ਵਿੱਚ ਇੱਕੋ, ਭਾਵੇਂ ਸਿੰਘ, ਰਾਮ ਜਾਂ ਖਾਂ ਸ਼ੇਰਾ।
ਡਿੱਗੇ ਢੱਠੇ ਨੂੰ ਚੁੱਕੇ ਹਰਚੰਦ ਸਿੰਘਾ, ਨਾਲ ਪਿਆਰ ਦੇ ਫੜਕੇ ਬਾਂਹ ਸ਼ੇਰਾ॥

### ਭਸੀਨ ਦੀ ਲੜਾਈ

1961 ਮੁਹਿਮ ਮਸੀਂ ਲਾਹੌਰ ਦੀ ਖਤਮ ਹੋਈ, ਜਸੂਸਾਂ ਆਣ ਕੇ ਖਬਰਦਾਰ ਕੀਤਾ।
ਗੁਲਾਬ ਸਿੰਘ ਭੰਗੀ, ਸਾਹਿਬ ਸਿੰਘ ਗੁਜਰਾਤੀ, ਲਸ਼ਕਰ ਆਪਣਾ ਉਨ੍ਹਾਂ ਤਿਆਰ ਕੀਤਾ।
ਨਜ਼ਾਮੁਦੀਨ ਨਵਾਬ ਕਸੂਰ ਦਾ ਜੋ, ਉਨ੍ਹਾਂ ਆਪਣਾ ਮੱਦਦਗਾਰ ਕੀਤਾ।
ਭਸੀਨ ਪਿੰਡ ਜੁੜੀ ਹੈ ਫ਼ੌਜ ਭਾਰੀ, ਹਰਚੰਦ ਸਿੰਘਾ ਮੀਲਾਂ ਪਸਾਰ ਕੀਤਾ॥
1962 ਸੂਹ ਮਿਲੀ ਸਰਕਾਰ ਨੂੰ ਜਦ ਇਹੇ, ਕੱਠਾ ਜੰਗ ਦਾ ਕਰਨ ਸਮਾਨ ਲੱਗੇ।
ਤੋਪਾਂ ਤੋਪਚੀ ਹਾਥੀਆਂ ਮਗਰ ਪਾਈਆਂ, ਅਸਵਾਰ ਕਾਠੀਆਂ ਘੋੜਿਆਂ ਪਾਣ ਲੱਗੇ।
ਲੱਗੇ ਮਿਸਤਰੀ ਗੇੜਨ ਚਰਖੀਆਂ ਨੂੰ, ਤੇਗਾਂ ਤਿੱਖੀਆਂ ਕਰਨ ਸੀ ਸਾਨ੍ਹ ਲੱਗੇ।
ਹਰਚੰਦ ਸਿੰਘਾ ਚੜ੍ਹੀ ਬਾਦਸ਼ਾਹੀ, ਗੂੰਜਣ ਨਗਾਰਿਆਂ ਨਾਲ ਅਸਮਾਨ ਲੱਗੇ॥
1963 ਤੋਪਾਂ, ਗੋਲੀਆਂ, ਤੀਰਾਂ ਤੇ ਬਰਛਿਆਂ ਦੇ, ਇੱਕ ਦੂਜੇ ਤੋਂ ਹੋਂਵਦੇ ਵਾਰ ਬੇਲੀ।
ਭੁੱਖ ਰਾਜ ਦੀ ਧੁਰ ਤੋਂ ਸਾਰਿਆਂ ਨੂੰ, ਮਾਰਨ ਸਿੰਘਾਂ ਨੂੰ ਸਿੰਘ ਸਰਦਾਰ ਬੇਲੀ।
ਪੁੱਤ ਮਾਵਾਂ ਨੇ ਪਾਲੇ ਦੋਜਕੀਂ ਜੋ, ਲੱਗੇ ਲੋਥਾਂ ਦੇ ਲੱਗਣ ਅੰਬਾਰ ਬੇਲੀ।
ਹਰਚੰਦ ਸਿੰਘਾ ਰਣਜੀਤ ਦੀ ਜਿੱਤ ਹੋਈ, ਜੰਗ ਮੁੱਕਾ ਆਖਰਕਾਰ ਬੇਲੀ॥
1964 ਜੋ ਸ਼ਰਨ ਸਰਕਾਰ ਦੀ ਆਣ ਪੈ ਗਏ, ਉਨ੍ਹਾਂ ਨਾਲ ਸੀ ਚੰਗਾ ਵਿਹਾਰ ਕੀਤਾ।
ਅਹੁਦੇ ਅਤੇ ਜਗੀਰਾਂ ਦੇ ਦੇ ਕੇ, ਆਪਣੀ ਫੌਜ ਦੇ ਵਿੱਚ ਸ਼ੁਮਾਰ ਕੀਤਾ।
ਗੰਢੀ ਦੋਸਤੀ ਦੁਸ਼ਮਣੀ ਛੱਡ ਉਸਨੇ, ਸਜਾ ਛੱਡ ਕੇ ਪਰ ਉਪਕਾਰ ਕੀਤਾ।
ਸਾਮਾਨ ਕਬਜ਼ੇ ਕਰ ਹਰਚੰਦ ਸਿੰਘਾ, ਤਕੜਾ ਫ਼ੌਜ ਨੂੰ ਹੋਰ ਸਰਕਾਰ ਕੀਤਾ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਜੁੱਤੀ ਸਣੇ ਗੁਰਦੁਆਰੇ 'ਚ ਆ ਵੜੇ ਸਿੱਖ ਮੁੰਡੇ ਨੇ ਤਾਬਿਆ ਵਿਚ ਬੈਠੇ ਗ੍ਰੰਥੀ ਕੁੱਟੇ

## ਨੱਕ ਨਾਲ਼ ਮੋਬਾਈਲ ਚਲਾਉਂਦੈ ਉਹ ਤਾਂ






ਪੰਜਾਬ ਦੇ ਕਸਬਾ ਮੋਰਿੰਡਾ ਦੇ ਕੋਤਵਾਲੀ ਸਾਹਿਬ ਗੁਰਦੁਆਰੇ 'ਚ ਬੀੜ ਦੀ ਤਾਬਿਆ 'ਚ ਬੈਠੇ ਦੋ ਗ੍ਰੰਥੀ ਸਿੰਘਾਂ ਨੂੰ ਜੁੱਤੀ ਸਣੇ ਗੁਰਦੁਆਰੇ ਵਿਚ ਵੜੇ ਇਕ ਨੌਜੁਆਨ ਸਿੱਖ ਨੇ, ਬੀੜ ਅਗਲੀ ਰੇਲਿੰਗ ਉਲੰਘ ਕੇ, ਹੱਥੀਂ ਕੁੱਟ ਸੁੱਟਿਆ। ਇਹ ਵਾਰਦਾਤ ਕਰਨ ਵਾਲ਼ੇ ਨੌਜੁਆਨ ਨੇ, ਪੋਚਵੀਂ ਨੀਲੀ ਪੱਗ ਬੰਨ੍ਹੀਂ ਹੋਈ ਸੀ। ਇਹ ਘਟਨਾ ਵਾਪਰਨ ਸਾਰ ਹੀ ਗੁਰਦੁਆਰੇ ਵਿਚ ਹਾਜ਼ਰ ਲੋਕਾਂ ਨੇ ਉਸ ਮੁੰਡੇ ਨੂੰ ਫੜ ਲਿਆ ਤੇ ਉਸ ਨੂੰ ਹੱਥੀਂ-ਪੈਰੀਂ ਕੁੱਟਣਾ-ਮਾਰਨਾ ਸ਼ੁਰੂ ਕਰ ਦਿੱਤਾ। ਲੋਕ ਉਸ ਨੂੰ ਘੜੀਸ ਕੇ ਖੁੱਲ੍ਹੀ ਥਾਂ ਲੈ ਗਏ। ਇਸ ਦੌਰਾਨ ਉਸ ਦੀ ਪੱਗ ਲਹਿ ਗਈ ਤੇ ਕੇਸ ਖੁੱਲ੍ਹ ਗਏ।

ਇਸ ਤੋਂ ਮਗਰੋਂ ਲੋਕਾਂ ਨੇ ਇਸ ਵਾਰਦਾਤ ਵਿਰੁੱਧ ਰੋਸ ਜ਼ਾਹਰ ਕਰਨ ਲਈ ਮੇਨ ਸੜਕ ਉੱਤੇ ਧਰਨਾ ਦਿੱਤਾ। ਇਤਲਾਹ ਮਿਲਣ 'ਤੇ ਆਈ ਪੁਲਸ ਨੇ ਉਸ ਨੌਜੁਆਨ ਨੂੰ, ਹਿਰਾਸਤ ਵਿਚ ਲੈ ਕੇ ਪੁੱਛ-ਗਿੱਛ ਕੀਤੀ, ਪਰ ਉਸ ਵਿਚੋਂ ਕੀ ਸਾਹਮਣੇ ਆਇਆ, ਇਸ ਦਾ ਪਤਾ ਨਹੀਂ ਲੱਗ ਸਕਿਆ। ਜ਼ਿਲਾ ਰੋਪੜ ਦੇ ਕਸਬੇ ਮੋਰਿੰਡਾ ਦੇ ਗੁਰਦੁਆਰਾ ਕੋਤਵਾਲੀ ਸਾਹਿਬ ਵਿਚ ਵਾਪਰੀ, ਬੇਅਦਬੀ ਦੀ ਇਸ ਘਟਨਾ ਦੀ ਜਾਂਚ ਕਰ ਰਹੀ ਪੁਲਸ ਨੇ ਇਸ ਘਟਨਾ ਦੇ ਸਬੰਧ ਵਿਚ ਸੀ. ਸੀ. ਟੀ. ਵੀ. ਫੁਟੇਜ ਦੀ ਕਾਪੀ ਆਪਣੇ ਕਬਜ਼ੇ ਹੇਠ ਲੈ ਲਈ ਹੈ ਤੇ ਉਸ ਵਿਚੋਂ ਕਾਫ਼ੀ ਖੁਲਾਸੇ ਹੋਣ ਦੀ ਆਸ ਹੈ। ਪਤਾ ਲੱਗਿਆ ਹੈ ਕਿ ਇਸ ਫੁਟੇਜ ਵਿਚ ਦਿਸਿਆ ਹੈ ਕਿ ਘਟਨਾ ਵਾਲ਼ੇ ਦਿਨ ਯਾਨੀ ਸੋਮਵਾਰ ਨੂੰ ਦੁਪਹਿਰੇ ਸਵਾ ਇਕ ਵਜੇ ਗੁਰਦੁਆਰੇ ਵਿਚ ਪਾਠ ਹੋ ਰਿਹਾ ਹੈ ਕਿ ਉਸੇ ਵੇਲ਼ੇ ਨੀਲੀ ਦਸਤਾਰ ਵਾਲ਼ਾ ਇਕ ਸਿੱਖ ਨੌਜੁਆਨ, ਜੁੱਤੀ ਸਮੇਤ ਗੁਦੁਆਰੇ ਵਿਚ ਦਾਖਲ ਹੋ ਕੇ, ਬੀੜ ਅੱਗੇ ਲੱਗੀ ਹੋਈ ਪਾਈਪਾਂ ਦੀ ਰੇਲਿੰਗ ਟੱਪ ਕੇ, ਬੀੜ ਦੀ ਤਾਬਿਆ ਵਿਚ ਬੈਠੇ ਤੇ ਪਾਠ ਕਰਦੇ ਦੋ ਗ੍ਰੰਥੀਆਂ ਵੱਲ ਵਧਿਆ ਤੇ ਉਨ੍ਹਾਂ ਨੂੰ ਹੱਥੀਂ ਕੁੱਟਣ ਲੱਗ ਪਿਆ। ਇਸ ਫੁਟੇਜ ਵਿਚ ਦਿਸਦਾ ਹੈ ਕਿ ਉਹ ਨੌਜੁਆਨ, ਉਨ੍ਹਾਂ ਪਾਠੀ ਸਿੰਘਾਂ ਨੂੰ ਗੁਰਦੁਆਰੇ ਤੋਂ ਬਾਹਰ ਨਿੱਕਲ ਜਾਣ ਦੇ ਇਸ਼ਾਰੇ ਵੀ ਕਰ ਰਿਹਾ ਸੀ। ਉਸ ਨੇ ਨਾ ਸਿਰਫ਼ ਗ੍ਰੰਥੀਆਂ ਨੂੰ ਥੱਪੜ ਮਾਰੇ, ਸਗੋਂ ਉਨ੍ਹਾਂ ਦੀਆਂ ਪੱਗਾਂ ਵੀ ਲਾਹ ਸੁੱਟੀਆਂ। ਕਹਿੰਦੇ ਨੇ ਕਿ ਗੁੱਸੇ ਵਿਚ ਆਏ ਹੋਏ ਉਸ ਨੌਜੁਆਨ ਨੇ ਗ੍ਰੰਥ ਸਾਹਿਬ ਦੀ ਬੇਹੁਰਮਤੀ ਵੀ ਕੀਤੀ। ਇਹ ਵੀ ਦੱਸਿਆ ਜਾਂਦਾ ਹੈ ਕਿ ਇਹ ਸਭ ਕੁੱਝ ਇੰਨੀ ਛੇਤੀ ਹੋਇਆ ਕਿ ਕਈਆਂ ਨੂੰ ਪਤਾ ਹੀ ਨਾ ਲੱਗਿਆ ਕਿ ਇਹ ਸਭ ਕੁੱਝ ਕਿਵੇਂ ਹੋ ਗਿਆ।



### ਛੇ ਮਾਸਟਰਨੀਆਂ ਕਸੂਤੀਆਂ ਫਸੀਆਂ

ਅਮਰੀਕਾ ਵਿਚ ਛੇ ਮਾਸਟਰਨੀਆਂ ਆਪਣੇ ਵਿਦਿਆਰਥੀਆਂ ਨਾਲ਼ ਵਿਭਚਾਰ ਕਰਨ ਦੇ ਦੋਸ਼ ਅਧੀਨ ਕਸੂਤੀਆਂ ਫਸ ਗਈਆਂ ਹਨ। ਬ੍ਰੈਡ ਹੰਟਰ ਨਾਂ ਦੇ ਇਕ ਪੱਤਰਕਾਰ ਵੱਲੋਂ ਦਿੱਤੀ ਹੋਈ ਖ਼ਬਰ ਅਨੁਸਾਰ, ਇਹ ਅਧਿਆਪਕਾਵਾਂ, ਜਿਨ੍ਹਾਂ ਵਿਚ 38 ਸਾਲਾ ਐਲਨ ਸ਼ੈੱਲ, ਜੋ ਡੈਨਵਿਲ, ਕੈਂਟੱਕੀ ਵਿਖੇ 'ਪੜ੍ਹਾਉਂਦੀ' ਹੈ, ਵੀ ਸ਼ਾਮਲ ਹੈ। ਉਸ ਦੇ ਖ਼ਿਲਾਫ਼ ਇਹ ਦੋਸ਼ ਲੱਗੇ ਹੋਏ ਹਨ ਕਿ ਉਹ, ਅੱਲੜ੍ਹ ਉਮਰ ਦੇ ਦੋ ਮੁੰਡਿਆਂ ਨਾਲ਼ ਇਕੋ ਸਮੇਂ ਹਮਬਿਸਤਰ ਹੁੰਦੀ ਰਹੀ ਹੈ। ਐਲਨ ਸ਼ੈੱਲ, ਲੈਂਕੈਸਟਰ ਐਲੀਮੈਂਟਰੀ ਸਕੂਲ ਵਿਚ ਅਧਿਆਪਨ ਕਰਦੀ ਰਹੀ ਹੈ, ਇਸ ਵੇਲ਼ੇ ਵੁਡਲਾਅਨ ਐਲੀਮੈਂਟਰੀ ਸਕੂਲ ਵਿਚ ਪੜ੍ਹਾਉਂਦੀ ਹੈ। ਵਿਭਚਾਰ ਦੀਆਂ ਇਨ੍ਹਾਂ ਘਟਨਾਵਾਂ ਵਿਚ ਸ਼ਾਮਲ ਦੋ ਵਿਦਿਆਰਥੀ, 16-16 ਸਾਲਾਂ ਦੀ ਉਮਰ ਦੇ ਦੱਸੇ ਗਏ ਹਨ। ਐਲਨ ਸ਼ੈੱਲ ਦੇ ਖ਼ਿਲਾਫ਼ ਦਰਜ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਉਸ ਨੇ ਪਿਛਲੇ ਸਾਲ ਦੌਰਾਨ 6 ਜੁਲਾਈ ਤੋਂ 15 ਅਗਸਤ ਤਕ ਤਿੰਨ ਵਾਰ ਦੋ ਵਿਦਿਆਰਥੀਆਂ ਨਾਲ਼ ਬਦਫੈਲੀ ਕੀਤੀ ਸੀ। ਪੁਲਸ ਦਾ ਕਹਿਣ ਹੈ ਕਿ ਇਸ 'ਭੈਣ ਜੀ' ਨੇ ਇਨ੍ਹਾਂ ਕੁਕਰਮਾਂ ਵਿਚ ਸ਼ਾਮਲ ਕੀਤੇ ਹੋਏ ਵਿਦਿਆਰਥੀਆਂ ਵਿਚੋਂ ਇਕ ਦੀ ਮਾਂ ਨਾਲ਼ ਗੂੜ੍ਹਾ ਧਰਮਿੱਕਾ ਪਾਇਆ ਹੋਇਆ ਸੀ। ਸ਼ੈੱਲ ਦੇ ਬੱਚੇ ਵੀ, ਉਸ ਦੇ ਸ਼ਿਕਾਰ ਬਣਾਏ ਹੋਏ ਬੱਚਿਆਂ ਨਾਲ਼ ਖੇਡਦਿਆਂ ਪਲ਼ੇ-ਵਧੇ ਸਨ। ਇਨ੍ਹਾਂ ਮੁੰਡਿਆਂ ਵਿਚੋਂ ਇਕ ਦੀ ਮਾਂ ਨੇ ਕਿਹਾ, "ਸਾਡੇ ਮੁੰਡਿਆਂ ਨੂੰ ਰਤਾ ਵੀ ਇਸ ਗੱਲ ਦਾ ਇਲਮ ਨਹੀਂ ਸੀ ਕਿ ਜੇ ਕੱਲ੍ਹ ਨੂੰ ਉਹ ਕਿਸੇ ਕਾਨੂੰਨੀ ਪਚੜੇ ਵਿਚ ਫਸ ਗਏ ਤਾਂ ਕੁੱਝ ਕਾਨੂੰਨ ਵੀ ਹੈਗੇ ਹਨ, ਜੋ ਉਨ੍ਹਾਂ ਦਾ ਬਚਾਅ ਕਰਨਗੇ।"

### ਉਹ ਨੱਕ ਨਾਲ਼ ਮੋਬਾਈਲ ਚਲਾਉਂਦੇ

ਇਹ ਜੱਗੋਂ ਤੇਰ੍ਹਵੀਂ ਬਣਾਉਣ ਵਾਲ਼ੇ ਦਾ ਨਾਂ ਸਮਿਤ ਚਾਂਗੇਲਾ ਹੈ ਤੇ ਉਹ ਗੁਜਰਾਤ ਵਿਚ ਰਾਜਕੋਟ ਵਿਖੇ ਇਕ ਕਾਲਜ ਦਾ ਵਿਦਿਆਰਥੀ ਹੈ। ਉਸ ਨੇ ਕਾਲਜ ਤੋਂ ਆਉਂਦਿਆਂ ਹੀ ਆਪਣਾ ਉਹ ਬੈੱਡ ਮੱਲ ਲਿਆ, ਜਿਸ ਉੱਤੇ ਦੋ-ਤਿੰਨ ਸਰ੍ਹਾਣੇ ਰੱਖੇ ਹੋਏ ਸਨ। ਉਸ ਨੇ ਠੀਕ ਤਰ੍ਹਾਂ ਬੈਠਦਿਆਂ, ਇਕ ਸਰ੍ਹਾਣੇ ਉੱਤੇ ਰੱਖੇ ਹੋਏ ਮੋਬਾਈਲ ਫੋਨ ਉੱਤੇ ਨੱਕ ਦੀ ਨੋਕ ਨਾਲ਼ ਟਾਈਪ ਕਰਨਾ ਸ਼ੁਰੂ ਕਰ ਦਿੱਤਾ। ਪੱਤਰਕਾਰ ਵੱਲੋਂ ਕਹੇ ਜਾਣ 'ਤੇ ਉਸ ਨੇ ਆਪਣੀ ਕਹਾਣੀ ਇਸ ਤਰ੍ਹਾਂ ਸੁਣਾਈ, "ਮੇਰਾ ਜਨਮ ਆਮ ਵਾਂਗ ਹੀ ਹੋਇਆ ਸੀ। ਮੈਂ ਤਿੰਨ ਮਹੀਨਿਆਂ ਦਾ ਹੋਇਆ ਤਾਂ ਮੇਰੇ ਮਾਪਿਆਂ ਨੂੰ ਡਾਕਟਰਾਂ ਨੇ ਦੱਸਿਆ ਕਿ ਮੇਰੇ ਜਿਸਮ ਨੂੰ ਨਿਓਰਾਲੋਜੀ ਦੀ ਯਾਨੀ ਪੱਠਿਆਂ ਸਬੰਧੀ ਬਿਮਾਰੀ ਹੈ, ਜਿਸ ਦੀ ਵਜ੍ਹਾ ਨਾਲ਼ ਮੇਰੇ ਹੱਥ-ਪੈਰ ਸੰਤੁਲਤ ਢੰਗ ਨਾਲ਼ ਕੰਮ ਨਹੀਂ ਕਰਦੇ ਸਨ। ਪਹਿਲਾਂ ਮੇਰੀਆਂ ਮੇਰੀਆਂ ਲੱਤਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਤਾਂ ਮੈਂ ਵੀਲ ਚੇਅਰ ਵਰਤਣ ਲੱਗ ਪਿਆ। ਫੇਰ ਮੇਰੇ ਹੱਥ ਵੀ ਜੁਆਬ ਦੇਣ ਲੱਗ ਪਏ।" "ਕੁੱਝ ਚਿਰ ਦਮ ਲੈ ਕੇ ਸਮਿਤ ਫਿਰ ਦੱਸਣ ਲੱਗਿਆ, "ਮੇਰੀ ਮਾਂ ਮੇਰੇ ਜਿਸਮ ਦੀਆਂ ਮਾਲਿਸ਼ਾਂ ਕਰਦੀ ਰਹੀ। ਮੇਰੇ ਹੱਥ-ਪੈਰ ਸਿੱਧੇ ਹੀ ਨਹੀਂ ਹੁੰਦੇ ਸਨ। ਮੇਰੇ ਮਾਪੇ ਮੈਨੂੰ ਗੁਜਰਾਤ ਤੋਂ ਲੈ ਕੇ ਮੁੰਬਈ ਤਕ ਦੇ ਡਾਕਟਰਾਂ ਨੂੰ ਦਿਖਾਉਣ ਲਿਜਾਂਦੇ ਰਹੇ।" ਉਸ ਨੇ ਦੱਸਿਆ ਕਿ ਜਦੋਂ ਉਸ ਦੇ ਹੱਥ ਵੀ ਜੁਆਬ ਦੇ ਗਏ ਤਾਂ ਉਸ ਨੇ ਨੱਕ ਦੀ ਨੋਕ ਨਾਲ਼ ਫੋਨ ਉੱਤੇ ਟਾਈਪ ਕਰਨਾ ਤੇ ਬੁੱਲ੍ਹਾਂ ਦੀ ਮਦਦ ਨਾਲ਼ ਸਕਰੀਨ ਹਿਲਾਉਣਾ ਸ਼ੁਰੂ ਕਰ ਲਿਆ। "ਲੈਪਟਾਪ ਵੀ ਚਲਾਉਣ ਦੀ ਕੋਸ਼ਿਸ਼ ਕੀਤੀ?" ਨੇੜੇ ਹੀ ਲੈਪਟਾਪ ਪਿਆ ਦੇਖ ਕੇ ਪੱਤਰਕਾਰ ਨੇ ਪੁੱਛਿਆ ਤਾਂ ਇਸ ਦਾ ਜੁਆਬ ਉਸ ਦੀ ਮਾਂ ਨੇ ਦਿੱਤਾ, "ਹਾਂ, ਅਸੀਂ ਇਸ ਤਰ੍ਹਾਂ ਲੈਪਟਾਪ ਖੋਲ੍ਹ ਕੇ ਉਸ ਦੇ ਸਾਹਮਣੇ ਰੱਖ ਦਿੰਦੇ ਹਾਂ ਤੇ ਉਹ ਨੱਕ ਨਾਲ਼, ਉਸ ਉੱਤੇ ਟਾਈਪ ਕਰਨਾ ਸ਼ੁਰੂ ਕਰ ਦਿੰਦਾ ਹੈ।" ਉਸ ਤੋਂ, ਉਸ ਦੇ ਭਵਿੱਖ ਸਬੰਧੀ ਯੋਜਨਾਵਾਂ ਪੁੱਛੀਆਂ ਤਾਂ ਉਸ ਨੇ ਕਿਹਾ ਕਿ ਉਸ ਨੇ ਪਤਾ ਲਗਾ ਲਿਆ ਹੈ ਕਿ ਉਹ, ਨੱਕ ਦੀ ਸਹਾਇਤਾ ਨਾਲ਼ ਫੋਨ 'ਤੇ ਅਤੇ ਲੈਪਟਾਪ 'ਤੇ ਟਾਈਪ ਕਰਨ ਵਾਲ਼ਾ ਇਕੱਲਾ ਤੇ ਪਹਿਲਾ ਭਾਰਤੀ ਹੈ। ਉਹ ਚਾਹੁੰਦਾ ਹੈ ਕਿ ਉਹ, 'ਗਿੰਨੀਜ਼ ਬੁੱਕ ਔਫ਼ ਵਰਲਡ ਰੈਕਰਡਜ਼' ਵਿਚ ਇਹ ਰਿਕਾਰਡ ਆਪਣੇ ਨਾਂ ਦਰਜ ਕਰਾਵੇ। ਉਸ ਨੇ ਇਹ ਵੀ ਕਿਹਾ ਕਿ ਉਹ ਗਰੈਜੂਏਸ਼ਨ ਕਰ ਰਿਹਾ ਹੈ ਤੇ ਪਿਛਲੇ ਸਾਲ ਉਹ 12ਵੀਂ ਜਮਾਤ ਦੇ ਸਟੇਟ ਬੋਰਡ ਦੇ ਇਮਤਿਹਾਨ ਵਿਚ, ਆਮ ਬੱਚਿਆਂ ਵਿਚੋਂ ਤੀਜੇ ਅਤੇ 'ਫਿਜ਼ੀਕਲੀ ਚੈਲੈਂਜਡ' ਬੱਚਿਆਂ ਵਿਚੋਂ ਪਹਿਲੇ ਸਥਾਨ 'ਤੇ ਰਿਹਾ ਸੀ। ਇਸ ਸਬੰਧ ਵਿਚ ਹੀ ਗੁਜਰਾਤ ਦੇ ਮੁੱਖ ਮੰਤਰੀ ਭੁਪਿੰਦਰ ਭਾਈ ਪਟੇਲ ਨੇ ਉਸ ਦਾ ਸਨਮਾਨ ਵੀ ਕੀਤਾ ਸੀ।



### ਤੇ ਰਾਗਣੀ ਗੋਲ਼ੀਆਂ ਦਾਗ਼ਦੀ ਰਹੀ

ਉੱਤਰ ਪ੍ਰਦੇਸ਼ ਵਿਚ ਹਾਥਰਸ ਵਿਖੇ ਇਕ ਸੱਜ-ਵਿਆਹੀ ਲਾੜੀ ਨੇ, ਸਟੇਜ ਉੱਤੇ ਬੈਠੀ ਨੇ ਵਿਆਹ ਦੀ ਖ਼ੁਸ਼ੀ ਵਿਚ ਪਿਸਤੌਲ ਨਾਲ਼ ਗੋਲ਼ੀਆਂ ਚਲਾ-ਚਲਾ ਕੇ ਉਹ ਧੂੜ ਪੁੱਟੀ ਕਿ ਹੁਣ ਗੋਲ਼ੀਆਂ ਚਲਾਉਂਦੀ ਇਸ ਲਾੜੀ ਦੀ ਵਿਡੀਓ, ਇੰਟਰਨੈੱਟ ਉੱਤੇ ਧੂੜਾਂ ਪੁੱਟੀ ਜਾ ਰਹੀ ਹੈ। ਇਹ ਵਿਡੀਓ ਦੇਖਣ ਵਾਲ਼ੇ ਦੱਸਦੇ ਹਨ ਕਿ ਲਾੜੀ ਦੀ ਵੱਖੀ ਵੱਲ ਬੈਠਿਆ ਹੋਇਆ ਲਾੜਾ, ਉਸ ਦੀ ਲਾੜੀ ਵੱਲੋਂ ਕੀਤੀ ਜਾ ਰਹੀ ਗੋਲ਼ੀਬਾਰੀ ਤੋਂ ਡਰਦਾ ਆਪਣੀ ਜਾਨ ਮੁੱਠ ਵਿਚ ਲਈ ਬੈਠਾ ਸੀ। ਲਾੜੀ ਸੀ ਕਿ ਬੇਪ੍ਰਵਾਹੀ ਨਾਲ਼ ਤੜਾ-ਤੜ ਗੋਲ਼ੀਆਂ ਦਾਗ਼ੀ ਜਾਂਦੀ ਸੀ। ਕੁੱਝ ਮੀਡੀਆ ਰਪਟਾਂ ਅਨੁਸਾਰ, 7 ਅਪ੍ਰੈਲ (ਸ਼ੁੱਕਰਵਾਰ) ਨੂੰ ਹਾਥਰਸ ਦੇ ਇਕ ਗੈਸਟ ਹਾਊਸ ਵਿਚ ਇਹ ਵਿਆਹ ਸਮਾਗਮ ਜਾਰੀ ਸੀ ਕਿ ਵਰ-ਮਾਲ਼ਾ ਦੀ ਰਸਮ ਤੋਂ ਮਗਰੋਂ ਮੰਚ ਉੱਤੇ ਇਕ ਵਿਅਕਤੀ ਨੇ ਲਾੜੀ ਨੂੰ ਇਕ ਪਿਸਤੌਲ ਫੜਾ ਦਿੱਤਾ ਤਾਂ ਉਸ ਨੇ ਚਾਰ ਹਵਾਈ ਫਾਇਰ ਕੀਤੇ। ਇਹ ਫਾਇਰ ਕਰ ਕੇ ਲਾੜੀ ਨੇ ਖਾਲੀ ਹੋ ਗਿਆ ਪਿਸਤੌਲ ਉਸ ਬੰਦੇ ਨੂੰ ਮੋੜ ਦਿੱਤਾ। ਉੱਥੇ ਹੀ ਕਿਸੇ ਨੇ ਇਸ ਗੋਲ਼ੀਬਾਰੀ ਦੀ ਵਿਡੀਓ ਬਣਾ ਲਈ ਤੇ ਫਿਰ ਇੰਟਰਨੈੱਟ ਉੱਤੇ ਅਪਲਪੋਡ ਕਰ ਦਿੱਤੀ। ਇਸ ਸਬੰਧ ਵਿਚ ਕੋਤਵਾਲੀ ਹਾਥਰਸ ਜੰਕਸ਼ਨ ਦੇ ਥਾਣਾ ਇੰਚਾਰਜ ਗਿਰੀਸ਼ ਚੰਦ ਗੌਤਮ ਨੇ ਦੱਸਿਆ ਕਿ ਇਸ ਜੋਸ਼ੀਲੀ ਸੱਜ-ਵਿਆਹੀ ਲਾੜੀ ਦੀ ਸ਼ਨਾਖ਼ਤ ਰਾਗਣੀ ਵਜੋਂ ਹੋਈ ਹੈ। ਉਹ ਹਾਥਰਸ ਜੰਕਸ਼ਨ ਇਲਾਕੇ ਵਿਚ ਹੀ ਰਹਿੰਦੀ ਹੈ। ਉਸ ਦੇ ਖ਼ਿਲਾਫ਼, ਭਾਰਤੀ ਦੰਡ ਵਿਧਾਨ ਦੀ ਧਾਰਾ 25(9) ਅਧੀਨ ਕੇਸ ਦਰਜ ਕਰ ਲਿਆ ਗਿਆ ਹੈ। ਉਂਝ ਉਹ ਹਾਲੇ ਫਰਾਰ ਹੈ। ਉਨ੍ਹਾਂ ਨੇ ਕਿਹਾ ਕਿ ਉਸ ਵਿਅਕਤੀ ਦੀ ਸ਼ਨਾਖ਼ਤ ਕਰਨ ਦੇ ਹੀਲੇ ਵੀ ਕੀਤੇ ਜਾ ਰਹੇ ਹਨ, ਜਿਸ ਨੇ ਰਾਗਣੀ ਨੂੰ ਪਿਸਤੌਲ ਫੜਾਇਆ ਸੀ।





### 'ਪਹੁ-ਫੁਟਾਲ਼ੇ ਦਾ ਸ਼ਹਿਰ'

ਸਾਨੂੰ ਤਾਂ ਅਜੇ ਕੱਲ੍ਹ ਹੀ ਪਤਾ ਲੱਗਿਆ ਹੈ ਕਿ ਭਾਰਤ ਵਿਚ ਇਕ ਇਹੋ ਜਿਹਾ ਸ਼ਹਿਰ ਵੀ ਹੈ, ਜਿਸ ਦਾ ਨਾਂ ਤਾਂ ਭਾਵੇਂ 'ਔਰਵਿਲ ਸਿਟੀ' ਯਾਨੀ 'ਪਹੁ-ਫੁਟਾਲ਼ੇ ਦਾ ਸ਼ਹਿਰ' ਰੱਖਿਆ ਹੋਇਆ ਹੈ, ਪਰ ਉਸ ਦੀਆਂ ਸਿਫ਼ਤਾਂ ਸੁਣ ਕੇ ਉਸ ਦਾ ਨਾਂ 'ਸਤਿਯੁਗੀ ਸ਼ਹਿਰ' ਜਾਂ 'ਸੁਰਗਾਪੁਰੀ' ਰੱਖਣਾ ਵੀ ਗ਼ਲਤ ਨਹੀਂ ਹੋਵੇਗਾ। ਤਾਮਿਲ ਨਾਡ ਦੇ ਵਿੱਲੂਪੁਰਮ ਜ਼ਿਲੇ ਵਿਚ, ਇਸ ਸ਼ਹਿਰ ਦੀ ਸਥਾਪਨਾ, 1968 ਵਿਚ 'ਮਮਤਾ ਦੀ ਮੂਰਤ' ਮੰਨੀ ਜਾਂਦੀ ਮੀਰਾ ਅਲਫਾਸਾ ਨੇ ਕੀਤੀ ਸੀ। ਇਸ ਸ਼ਹਿਰ ਦਾ ਖ਼ਾਕਾ, ਇਮਾਰਤਸਾਜ਼ ਰੌਜਰ ਐਂਜਰ ਨੇ ਬਣਾਇਆ ਸੀ। ਇਸ ਸ਼ਹਿਰ ਦਾ ਨਾਂ ਫਰਾਂਸੀਸੀ ਸ਼ਬਦ 'ਔਰੌਰ', ਜਿਸ ਦਾ ਅਰਥ 'ਪਹੁ-ਫੁਟਾਲ਼ਾ' ਹੈ ਅਤੇ 'ਵਿੱਲ', ਜਿਸ ਦਾ ਅਰਥ 'ਪਿੰਡ' ਹੈ, ਤੋਂ ਬਣਿਆ ਹੈ। ਇਹ ਨਾਂ 'ਸਰ ਔਰਬਿੰਦੋ' ਤੋਂ ਲਿਆ ਹੋਇਆ ਵੀ ਮੰਨਿਆ ਜਾਂਦਾ ਹੈ। ਇਸ ਸ਼ਹਿਰ ਨੂੰ 'ਸੁਰਗਾਪੁਰੀ' ਕਹਿਣ ਦੀ ਸਿਫ਼ਾਰਸ਼ ਕਰਨ ਦੇ ਸਬੰਧ ਵਿਚ ਗੱਲ ਕਰ ਕੇ ਗੱਲ ਮੁਕਾ ਦੇਣੀ ਹੈ ਕਿਉਂ ਕਿ ਇਸ ਸ਼ਹਿਰ ਬਾਰੇ ਤਾਂ ਇਕ ਕਿਤਾਬ ਲਿਖੀ ਜਾਣੀ ਵੀ ਥੋੜ੍ਹੀ ਰਹੇਗੀ। ਇੱਥੇ ਕਿਸੇ ਧਰਮ ਦੀ ਕੋਈ ਧੌਂਸ ਨਹੀਂ। ਕਿਸੇ ਪਾਰਟੀ ਜਾਂ ਸਿਆਸਤ ਦੀ ਜੈ-ਜੈ ਕਾਰ ਨਹੀਂ। ਊਚ-ਨੀਚ ਨਹੀਂ ਹੈ। ਜੁਰਮ ਵੀ ਨਾ ਹੋਣ ਬਰਾਬਰ ਹੈ। ਇੱਥੇ ਵਸੋਂ 2400 ਹੈ। ਸਫਾਈ ਵਾਲ਼ਾ, ਡਾਕਟਰ ਜਾਂ ਇੰਜੀਨੀਅਰ ਹੈ, ਸਭ ਦੀ ਤਨਖ਼ਾਹ 12 ਹਜ਼ਾਰ ਹੈ। ਇੱਥੇ ਵੱਡੀ ਗਿਣਤੀ ਵਿਦੇਸ਼ੀਆਂ ਦੀ ਹੈ। ਬਾਕੀ ਦੀਆਂ ਗੱਲਾਂ ਇਸ 'ਸੁਰਗਾਪੁਰੀ' ਦਾ ਗੇੜਾ ਮਾਰ ਕੇ ਦੱਸਾਂਗੇ।#



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ** **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ- 604-710-7593

****************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

****************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੌਂਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

****************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

****************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

****************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

****************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

****************

ਭਾਰਤ ਵਿੱਚ ਸੇਲ ਮੈਨੇਜਰ, ਰਾਮਦਾਸੀਆ ਸਿੱਖ ਮੇਹਟਨ ਪਰਿਵਾਰ ਨਾਲ ਸੰਬੰਧਤ, ਉਮਰ 29 ਸਾਲ, ਕੱਦ 5'11", ਪੋਸਟ ਗ੍ਰੈਜੂਏਟ, ਸੁੰਦਰ, ਨਸ਼ਿਆਂ ਤੋਂ ਰਹਿਤ ਲੜਕੇ ਲਈ ਪੜ੍ਹੇ-ਲਿਖੇ ਪਰਿਵਾਰ ਦੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀਆਰ/ਵਰਕ ਪਰਮਿਟ ਹੋਲਡਰ, ਪੜ੍ਹੀ-ਲਿਖੀ ਅਤੇ ਸੁੰਦਰ ਹੋਣੀ ਚਾਹੀਦੀ ਹੈ। ਲੜਕੇ ਦੀ ਭੈਣ ਪਰਿਵਾਰ ਸਮੇਤ ਕੈਨੇਡਾ ਵਿੱਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ: 604-505-6176 ਜਾਂ ਈਮੇਲ -wirte2rkj@gmial.com

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਦ਼ਚਦਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

****************

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

****************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, ˜ਰਪਹਓਨ ਲੜਕੀ, ਉਮਰ 30 ਸਾਲ, ਕੱਦ 5'6", Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

****************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋਣ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

****************

### ਲੜਕੀ ਮਿਤੱਰ ਦੀ ਲੋੜ

ਜੱਟ ਸਿੱਖ ਪੰਜਾਬੀ, ਕਲੀਨ ਸ਼ੇਵ 49 ਸਾਲਾਂ 5'-11" ਸਰੀ ਡੇਲਟਾ 'ਚ ਵੈਲ ਸੈਟਲ, ਤਲਾਕਸ਼ੁਦਾ, ਦੋਸਤਾਨਾ ਮਿਜਾਜ਼, ਘੁਮੰਣ ਫਿਰਨ ਦੇ ਸ਼ੌਕੀਨ ਲਈ ਲੜਕੀ ਮਿਤੱਰ ਦੀ ਲੋੜ ਹੈ। ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ।
ਸੰਪਰਕ- 604-720-0449.

****************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(PR) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

****************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਪੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

✦✦✦✦✦✦✦✦✦✦✦✦✦✦

### ਇੰਸ਼ੋਰੈਂਸ ਸੇਵਾਵਾਂ

**ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085**

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com

**Phone: 604-366-6000**

**www.gidl.ca**

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 -604-615-8088

### ਵਰਕਰਾਂ ਦੀ ਲੋੜ

S K FRAMING ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

✦✦✦✦✦✦✦✦✦✦✦✦✦✦

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੌਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਨੀਮ ਪਹਾੜੀਆਂ ਵਿਚ ਵੱਸਿਆ ਖ਼ੂਬਸੂਰਤ ਸ਼ਹਿਰ-ਜੈਸਪਰ



**ਬਲਵਿੰਦਰ ਬਾਲਮ ਗੁਰਦਾਸਪੁਰ**


ਜੈਸ਼ਪਰ ਸ਼ਹਿਰ ਕਨਾਡਾ (ਅਲਬਰਟਾ ਰਾਜ) ਦਾ ਖ਼ੂਬਸੂਰਤ ਸ਼ਹਿਰ ਹੈ। ਇਹ ਸ਼ਹਿਰ ਨੀਮ ਪਹਾੜੀਆਂ ਅਤੇ ਸੁੰਦਰ ਝੀਲਾਂ ਦੇ ਕੁਦਰਤੀ ਮਾਹੌਲ ਵਿਚ ਵੱਸਿਆ ਹੋਇਆ ਹੈ। ਸ਼ਹਿਰ ਦੇ ਚਾਰੇ ਪਾਸੇ ਖਿਡਾਉਂਣਿਆ ਵਾਂਗੂੰ ਸੁਸ਼ੋਭਿਤ ਵੱਖ-ਵੱਖ ਆਕਾਰ ਦੀਆਂ ਪਹਾੜੀਆਂ ਤਰ੍ਹਾਂ-ਤਰ੍ਹਾਂ ਦੇ ਮੂਰਤ ਬਿੰਬ ਬਣਾਉਂਦੀਆਂ ਹੋਈਆਂ ਸਮੋਹਿਤ ਖਿੱਚ ਰਖਦੀਆਂ ਹਨ। ਇਹ ਸੁੰਦਰ ਸਥਾਨ ਸਥਿਤੀਬੋਧ ਜਗਾਉਂਦਾ ਹੈ। ਆਪਣੀਆਂ ਜੜ੍ਹਾਂ ਦੀ ਪਹਿਚਾਣ ਛੱਡਦਾ ਹੈ। ਇਸ ਦੁਆਰਾ ਆਣੀ ਮਿੱਟੀ 'ਚੋਂ ਰਸ ਦੀਆਂ ਸੰਭਾਵਨਾਵਾਂ ਉਜਾਗਰ ਕਰਦਾ ਹੈ। ਇਸਦੇ ਕੁਦਰਤੀ ਅਤੇ ਖੋਜਮਈ ਲੁਭਾਉਣੇਂ ਦ੍ਰਿਸ਼ ਜੋ ਨਾ ਕੇਵਲ ਅੰਤਰਮਨ ਨੂੰ ਉਧੋਲਿਤ ਕਰਦੇ ਹਨ ਅਲਬੱਤਾ ਮਾਨਸ ਪਟਲ ਉੂਪਰ ਕੋਈ ਸਾਰਥਕ ਪ੍ਰਸ਼ਨ ਵੀ ਚਿੰਤਨ ਹੇਤੂ ਛੱਡ ਜਾਂਦੇ ਹਨ। ਚਾਰੇ ਪਾਸੇ ਹਰਿਆਲੀ ਦੀ ਕੁੱਖ ਸੰਵੇਦਨ ਨਾਲ ਭਰੀ ਹੁੰਦੀ ਹੈ।

ਇਸ ਇਲਾਕੇ ਦੇ ਰੁੱਖ-ਪੌਦੇ ਅਨੇਕ ਰੰਗਾਂ ਦਾ ਸੁਭਾਅ ਰਖਦੇ ਹਨ। ਸੜਕਾਂ ਦੇ ਕਿਨਾਰੇ ਸਫ਼ੇਦ ਤਨੇ, ਸਫ਼ੇਦ ਟਹਿਣੀਆਂ ਅਤੇ ਹਰੇ ਪਤਿਆਂ ਨਾਲ ਮਾਲਾ-ਮਾਲ ਰੁੱਖ ਇਕ ਜਾਦੂ ਪੈਦਾ ਕਰਦੇ ਹਨ। ਕਈ ਜਾਤੀਆਂ ਦੇ ਰੁੱਖ ਸੁੰਦਰਤਾ ਨਾਲ ਅਧਿਆਤਮਿਕਤਾ ਵਿਚ ਪਿਰੋਏ ਮਿਲਦੇ ਹਨ।

ਸ਼ਹਿਰ ਦੇ ਬਾਹਰ ਇਕ ਨਹੀਂ ਅਨੇਕਾਂ ਹੀ ਦੂਰ ਦੂਰ ਨੇੜੇ ਨੇੜੇ ਸੁੰਦਰ ਝੀਲਾਂ ਸ਼ੀਸ਼ੇ ਰੰਗੇ ਪਾਣੀ ਦੀ ਲਿਬਾਸ ਵਿਚ ਆਕਰਸ਼ਣ ਪੈਦਾ ਕਰਦੀਆਂ ਹਨ। ਇਥੇ ਯਾਤਰੀਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਇਕ ਝੀਲ ਦੇ ਨੇੜੇ ਇਕ ਖੁੱਲ੍ਹਾ- ਡੁੱਲ੍ਹਾ ਵਿਹੜਾ ਹੈ ਕੁਦਰਤੀ ਮਾਹੌਲ ਨਾਲ ਮਾਲਾ-ਮਾਲ। ਇੱਥੇ ਕਨੇਡੀਅਨ ਲੋਕ ਵਿਆਹ-ਸ਼ਾਦੀਆਂ ਵੀ ਕਰਨ ਆ ਜਾਂਦੇ ਹਨ। ਇੱਥੋਂ ਦੇ ਲੋਕ ਕੁਦਰਤੀ ਨਜ਼ਾਰਿਆਂ ਨੂੰ ਆਪਣੇ ਸੁਭਾਅ ਦੇ ਅਨੁਕੂਲ ਬਣਾ ਕੇ ਉਤਸਵ ਰਚਨ ਵਿਚ ਮਾਹਿਰ ਹਨ। ਇਕ ਸਾਧਾਰਣ ਸ਼ਾਦੀ ਵਿਚ 20 ਤੋਂ 40 ਦੇ ਕਰੀਬ ਮਹਿਮਾਨ ਅਤੇ ਜਜ਼ਮਾਨ ਹੁੰਦੇ ਹਨ। ਖ਼ਾਣ-ਪੀਣ ਲਈ ਪੈਕਿੰਗ ਸਿਸਟਮ ਹੀ ਹੁੰਦਾ ਹੈ। ਲੋਕ ਬੱਸਾਂ, ਟੈਕਸੀਆਂ ਜਾਂ ਨਿੱਜੀ ਕਾਰਾਂ ਵਿਚ ਤਿਆਰ ਕੀਤਾ ਭੋਜਨ ਜਾਂ ਕੱਚੀ ਰਸਦ ਤੇ ਹੋਰ ਜ਼ਰੂਰੀ ਸਾਮਾਨ ਨਾਲ ਲੈ ਆਉਂਦੇ ਹਨ। ਕੁਝ ਲੋਕ ਟਰਾਲਾ ਹਾਊਸ ਨਾਲ ਲੈ ਕੇ ਆਉਂਦੇ ਹਨ। ਇਹ ਟਰਾਲਾ ਇਕ ਵੈਨ ਹੁੰਦੀ ਹਨ। ਇਹ ਟਰਾਲੇ ਕਿਰਾਏ 'ਤੇ ਮਿਲਦੇ







ਹਨ ਅਤੇ ਕਾਰ ਦੇ ਪਿੱਛੇ ਟੋਚਨ ਪਾ ਕੇ ਲੈ ਜਾਂਦੇ ਹਨ। ਇਸਦਾ ਆਪਣਾ ਇਕ ਵੱਖਰਾ ਹੀ ਲੁਤਫ਼-ਨਜ਼ਾਰਾ ਹੁੰਦਾ ਹੈ।

ਇਥੇ ਸਰਦੀਆਂ ਵਿਚ ਬਰਫ਼ ਬਹੁਤ ਪੈਂਦੀ ਹੈ ਪਰ ਗਰਮੀਆਂ ਵਿਚ ਚਾਂਦੀ ਦੀਆਂ ਝਾਂਜਰਾਂ ਵਾਂਗ ਪਿਘਲਦੀ ਬਰਫ਼ ਸੰਮੋਹਨ ਪੈਦਾ ਕਰਦੀ ਹੈ। ਗਰਮੀਆਂ ਵਿਚ ਵੀ ਮੌਸਮ ਠੰਢਾ ਰਹਿੰਦਾ ਹੈ ਨਜ਼ਾਰੇ ਵਾਲਾ ਪਰ ਬਰਫ਼ ਨਹੀਂ ਪੈਂਦੀ। ਇੱਥੇ ਬਾਰਿਸ਼ ਦਾ ਅਲੌਕਿਕ ਅਤੇ ਲੌਕਿਕ ਨਜ਼ਾਰਾ ਭੌਤਿਕ ਜ਼ਰੂਰਤਾਂ ਵਿਚ ਹੋਰ ਵੀ ਸੁੱਖਦਾਇਕ ਹੁੰਦਾ ਹੈ। ਕਦੋਂ ਬੱਦਲ ਆਏ ਕਦੋਂ ਚਲੇ ਗਏ, ਪਤਾ ਹੀ ਨਹੀਂ ਚਲਦਾ। ਧਰਤੀ-ਅਸਮਾਨ ਵਿਚਕਾਰ ਅੱਖ ਮਚੋਲੀ ਖੇਡਦੇ ਬੱਦਲ ਸੁਖਦ ਦ੍ਰਿਸ਼ ਪੈਦਾ ਕਰਦੇ ਹਨ ਜਿਹੜੇ ਮਗਰਸਪਰਸ਼ੀ ਮਾਹੌਲ ਪੈਦਾ ਕਰਦੇ ਹਨ।

ਜੈਸਪਰ 1813 ਵਿਚ ਸਥਾਪਿਤ ਹੋਇਆ। ਜੈਸਪਰ ਨੈਸ਼ਨਲ ਪਾਰਕ 1907 ਵਿਚ ਸਥਾਪਿਤ ਹੋਇਆ ਜੋ ਪ੍ਰਸਿੱਧ ਅਤੇ ਇਤਿਹਾਸਕ ਸਥਾਨ ਦਾ ਦਰਜ਼ਾ ਲੈ ਚੁਕਾ ਹੈ। 1931 ਵਿਚ ਜੈਸਪਰ ਐਡਮਿੰਟਨ ਦੀਆਂ ਸੜਕਾਂ ਨਾਲ ਜੁੜ ਚੁਕਾ ਸੀ। 1940 ਵਿਚ ਪ੍ਰਾਕ੍ਰਿਤਿਕ ਆਈਸ ਫੀਲਡ ਪਾਰਕ ਵੇ ਖੋਲ੍ਹਿਆ ਗਿਆ ਜਿਹੜਾ ਪ੍ਰਸਿੱਧ ਲੇਕ ਲੂਈਸ (ਝੀਲ) ਅਤੇ ਜੈਸਪਰ ਨੂੰ ਜੋੜਦਾ ਹੈ।

ਜੈਸਪਰ, ਅਤਬਾਸਾ ਰਿਵਰ ਘਾਟੀ ਨਾਲ ਸਥਿਤ ਹੈ। ਇੱਥੇ ਪਿਰਾਮਿਡ ਜਿਹੀਆਂ ਆਕਰਸ਼ਕ ਪਹਾੜੀਆਂ ਹਨ। ਨਦੀਆਂ ਦਾ ਅਦਭੁਤ ਸੰਗਮ। ਜੈਸਪਰ ਵਿਖੇ ਪਿਰਾਮਿਡ ਲੇਕ, ਪੈਟਰੀਸੀਆ ਲੇਕ, ਐਨਟ ਲੇਕ, ਏਡਿਸ ਲੇਕ, ਬਿਓਵਰਟ ਲੇਕ, ਮਲਗੀਨ ਲੇਕ, ਮੈਡੀਸਨਸ ਲੇਕ ਅਤੇ ਹੋਰ ਲਘੂ ਝੀਲਾਂ ਇਸ ਸਥਾਨਦੀ ਸ਼ੋਭਾ ਨੂੰ ਚਾਰ ਚੰਨ ਲਾਉਂਦੀਆਂ ਹਨ। ਇੱਥੇ ਅਨੇਕਾਂ ਵਿਸ਼ਵ ਪ੍ਰਸਿੱਧ ਹੋਰ ਸਥਾਨ ਵੇਖਣਯੋਗ ਹਨ। ਇਸ ਇਲਾਕੇ ਵਲ ਲੱਖਾਂ ਹੀ ਯਾਤਰੀ ਹਰ ਸਾਲ ਆਉਂਦੇ ਹਨ। ਸ਼ਹਿਰ ਦੇ ਉਤਰ ਵਿਚ 'ਕਬਾਬਾਸਕਾ ਵੈਲੀ' ਵਿਚ ਇਕ ਪਠਾਰ ਸਥਿਤ ਹੈ। ਇੱਥੇ ਸਥਾਨ ਦੀ ਭਰਮਾਰ ਹੈ ਜਿੱਥੇ ਯਾਤਰੀ ਮਨੋਰੰਜਨ ਲਈ ਜਮ੍ਹਾਂ ਰਹਿੰਦੇ ਹਨ। ਇਸ ਸਥਾਨ ਵਿਖੇ ਹੀ ਇਕ ਇਤਿਹਾਸਕ ਆਰਕੀਟੈਕਚਰਲ ਸ਼ੈਲੀ ਸਥਾਨ ਵੀ ਹੈ ਜੋ ਆਪਣੇ ਪਹਾੜੀ ਵਾਤਾਵਰਣ ਨਾਲ ਸੰਪਰਕ ਬਣਾਉਂਦਾ ਹੈ। ਇੱਥੋਂ ਦੇ ਇਨਫਰਮੇਸ਼ਨ ਸੈਂਟਰ ਨੂੰ 1996 ਵਿਚ ਇਕ ਰਾਸ਼ਟਰੀਏ ਇਤਿਹਾਸਕ ਸਥਾਨ ਕਿਹਾ ਗਿਆ। ਇਥੋਂ ਦਾ ਆਜਾਇਬ ਘਰ ਕੁਦਰਤੀ ਅਤੇ ਮਾਨਵੀ ਇਤਿਹਾਸ ਦੀਆਂ ਕਹਾਣੀਆਂ ਬਿਆਨ ਕਰਦਾ ਹੈ। ਇੱਥੋਂ ਦੇ ਮਨਮੋਹਣੇ, ਸੁੰਦਰ ਪਾਰਕ ਇਸ ਤਰ੍ਹਾਂ ਡਿਜ਼ਾਇਨ ਕੀਤੇ ਹੋਏ ਹਨ ਕਿ ਜੰਨਤ ਪ੍ਰਤੀਤ ਹੁੰਦੇ ਹਨ। ਇਹ ਪਾਰਕ ਕੁਦਰਤ ਅਤੇ ਸਭਿਆਚਾਰਕ ਵਿਰਾਸਤ ਨੂੰ ਹਕੀਕਤ ਨਾਲ ਜੋੜਦੇ ਹਨ। ਹਰ ਤਰ੍ਹਾਂ ਦੀ ਸਹੂਲਤ, ਆਧੁਨਿਕਤਾ ਦੀ ਸੂਈ ਵਿਚ ਪਿਰੋ ਕੇ ਰੱਖੀ ਹੈ। ਲਾਜਵਾਬ ਹੈ ਜੈਪਸਰ। ਕਨੇਡਾ ਦਾ ਸੁੰਦਰ ਘੁੰਢ ਹੈ ਜੈਸਪਰ। ਜਿਸਦੇ ਅੰਦਰ ਪ੍ਰਕਿਰਤੀ ਅਤੇ ਮਾਨਵ ਦਾ ਆਵਿਸ਼ਕਾਰ ਛੁਪਿਆ ਹੈ।




# ਕੈਲੀਫੋਰਨੀਆ ਵਿਚ ਜਾਤ ਅਧਾਰਿਤ ਭੇਦਭਾਵ ਤੇ ਪਾਬੰਦੀ ਲਈ ਬਿੱਲ ਪਾਸ

ਵਾਸ਼ਿੰਗਟਨ-ਭਾਰਤੀ-ਅਮਰੀਕੀ ਕਾਰੋਬਾਰੀ ਅਤੇ ਮੰਦਰ ਸੰਗਠਨਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਕੈਲੀਫੋਰਨੀਆ ਦੀ ਸੈਨੇਟ ਦੀ ਨਿਆਂਪਾਲਿਕਾ ਕਮੇਟੀ ਨੇ ਰਾਜ ਵਿੱਚ ਜਾਤ ਅਧਾਰਤ ਭੇਦਭਾਵ 'ਤੇ ਪਾਬੰਦੀ ਲਾਉਣ ਲਈ ਸਰਬਸੰਮਤੀ ਨਾਲ ਬਿੱਲ ਪਾਸ ਕਰ ਦਿੱਤਾ ਹੈ। ਕੈਲੀਫੋਰਨੀਆ ਰਾਜ ਸੈਨੇਟ ਦੀ ਨਿਆਂਪਾਲਿਕਾ ਕਮੇਟੀ ਨੇ ਜਾਤ ਅਧਾਰਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ ਨੂੰ ਮਨਜ਼ੂਰੀ ਲਈ ਸੈਨੇਟ ਨੂੰ ਭੇਜਣ ਦੇ ਪ੍ਰਸਤਾਵ ਦੇ ਹੱਕ ਵਿੱਚ ਵੋਟ ਦਿੱਤੀ। ਇਹ ਪਹਿਲੀ ਵਾਰ ਹੈ ਜਦੋਂ ਅਮਰੀਕੀ ਰਾਜ ਵਿਧਾਨ ਸਭਾ ਜਾਤ ਨਾਲ ਸਬੰਧਤ ਕਾਨੂੰਨ 'ਤੇ ਵਿਚਾਰ ਕਰੇਗੀ। ਜੇ ਬਿੱਲ ਪਾਸ ਹੋ ਜਾਂਦਾ ਹੈ ਤਾਂ ਕੈਲੀਫੋਰਨੀਆ ਵਿੱਚ ਜਾਤ ਰਾਜ ਦੇ ਭੇਦਭਾਵ ਵਿਰੋਧੀ ਕਾਨੂੰਨ ਦੇ ਤਹਿਤ ਸੁਰੱਖਿਅਤ ਸ਼੍ਰੇਣੀ ਬਣ ਜਾਵੇਗੀ। ਇਸ ਨਾਲ ਅਮਰੀਕਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਰਾਜ ਕੈਲੀਫੋਰਨੀਆ ਜਾਤ ਅਧਾਰਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਅਮਰੀਕੀ ਰਾਜ ਬਣ ਜਾਵੇਗਾ। ਭਾਰਤੀ ਮੂਲ ਦੀ ਦਲਿਤ ਅਧਿਕਾਰ ਕਾਰਕੁਨ ਅਤੇ 'ਦਿ ਟਰਾਮਾ ਆਫ਼ ਕਾਸਟ' ਦੀ ਲੇਖਕ ਤੰਮੋਜ਼ੀ ਸੁੰਦਰਰਾਜਨ ਨੇ ਕਿਹਾ, 'ਅੱਜ ਮੈਂ ਮਾਣ ਨਾਲ ਆਪਣੇ ਜਾਤੀ-ਪੀੜਤ ਭਾਈਚਾਰੇ ਦੇ ਮੈਂਬਰਾਂ, ਜਾਤੀ ਸਮਾਨਤਾ ਅੰਦੋਲਨ ਦੇ ਮੋਢੀਆਂ ਅਤੇ ਸਹਿਯੋਗੀਆਂ ਨਾਲ ਖੜ੍ਹੀ ਹਾਂ ਇਹ ਕਹਿਣ ਲਈ ਕੈਲੀਫੋਰਨੀਆ 'ਚ ਜਾਤ ਅਧਾਰਤ ਭੇਦਭਵ ਦਾ ਸ਼ਿਕਾਰ ਲੋਕ ਹੁਣ ਉਹ ਸੁਰੱਖਿਅ ਹਾਸਲ ਕਰਨ ਦੇ ਨੇੜੇ ਹਨ ਜਿਸ ਦੇ ਉਹ ਹੱਕਦਾਰ ਹਨ।'





# 'ਆਸ਼ਰਮ' ਤੋਂ ਰਾਤੋ-ਰਾਤ ਸਟਾਰ ਬਣੀ ਤ੍ਰਿਧਾ ਚੌਧਰੀ

ਮਸ਼ਹੂਰ ਅਦਾਕਾਰਾ ਤ੍ਰਿਧਾ ਚੌਧਰੀ ਦਾ ਕਾਤਿਲਾਨਾ ਅੰਦਾਜ਼ ਵੈੱਬ ਸੀਰੀਜ਼ 'ਆਸ਼ਰਮ', 'ਆਸ਼ਰਮ-2' ਅਤੇ 'ਆਸ਼ਰਮ-3' ਵਿਚ ਦੇਖਣ ਨੂੰ ਮਿਲਿਆ ਸੀ। ਉਸ ਨੂੰ ਛੋਟੇ ਪਰਦੇ ਦੀ ਬੋਲਡ ਅਦਾਕਾਰਾ ਮੰਨਿਆ ਜਾਂਦਾ ਹੈ। ਉਹ ਜਿੰਨੀ ਜ਼ਿਆਦਾ ਖ਼ੂਬਸੂਰਤ ਹੈ, ਓਨੀ ਹੀ ਆਕਰਸ਼ਕ ਵੀ ਹੈ। ਉਹ ਅਕਸਰ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਆਪਣੀਆਂ ਤਸਵੀਰਾਂ ਅਤੇ ਵੀਡੀਓ ਰਾਹੀਂ ਲੋਕਾਂ ਨੂੰ ਮੋਹਿਤ ਕਰਦੀ ਰਹਿੰਦੀ ਹੈ। ਕੋਲਕਾਤਾ, ਪੱਛਮੀ ਬੰਗਾਲ ਵਿਚ ਜਨਮੀ ਤ੍ਰਿਧਾ ਚੌਧਰੀ ਨੇ ਐਮ.ਪੀ. ਬਿੜਲਾ ਫਾਊਂਡੇਸ਼ਨ ਹਾਇਰ ਸੈਕੰਡਰੀ ਸਕੂਲ ਤੋਂ ਸਕੂਲੀ ਪੜ੍ਹਾਈ ਕਰਨ ਤੋਂ ਬਾਅਦ ਅੱਗੇ ਦੀ ਪੜ੍ਹਾਈ ਕੋਲਕਾਤਾ ਵਿਚ ਸਕਾਟਿਸ਼ ਚਰਚ ਕਾਲਜ ਤੋਂ ਪੂਰੀ ਕੀਤੀ। ਚੌਧਰੀ ਨੂੰ 2020 ਵਿਚ ਟਾਈਮਸ ਆਫ਼ ਇੰਡੀਆ ਦੀ 'ਮੋਸਟ ਡਿਜ਼ਾਈਰੇਬਲ ਵੂਮੈਨ' ਦੀ ਸੂਚੀ ਵਿਚ 13ਵੇਂ ਨੰਬਰ 'ਤੇ ਰੱਖਿਆ ਗਿਆ ਸੀ। ਤ੍ਰਿਧਾ ਚੌਧਰੀ ਨੂੰ ਆਪਣੀਆਂ ਅੱਖਾਂ ਜ਼ਰੀਏ ਆਪਣੀ ਖ਼ੂਬਸੂਰਤੀ ਨੂੰ ਇਕ ਬਿਲਕੁਲ ਨਵੇਂ ਰੂਪ ਵਿਚ ਪਰਿਭਾਸ਼ਿਤ ਕਰਨ ਵਿਚ ਮੁਹਾਰਤ ਹਾਸਲ ਹੈ। 'ਆਸ਼ਰਮ' ਦੇ ਤਿੰਨਾਂ ਸੀਜ਼ਨ ਵਿਚ ਜਿਸ ਤਰ੍ਹਾਂ ਉਸ ਨੇ ਬਬੀਤਾ ਦਾ ਕਿਰਦਾਰ ਨਿਭਾਉਂਦੇ ਹੋਏ ਬੌਬੀ ਦਿਓਲ ਦੇ ਨਾਲ ਆਕਰਸ਼ਕ ਦ੍ਰਿਸ਼ ਦਿੱਤੇ, ਉਸ ਤੋਂ ਬਾਅਦ ਉਹ ਰਾਤੋ-ਰਾਤ ਸਟਾਰ ਬਣ ਗਈ ਸੀ। ਤ੍ਰਿਧਾ ਨੇ ਇਕ ਇੰਟਰਵਿਊ ਦੌਰਾਨ ਦੱਸਿਆ ਕਿ ਉਹ ਦ੍ਰਿਸ਼ ਕਰਨਾ ਉਸ ਲਈ ਸੌਖਾ ਨਹੀਂ ਸੀ। ਉਨ੍ਹਾਂ ਨੂੰ ਕਰਦੇ ਹੋਏ ਉਹ ਕਾਫ਼ੀ ਨਰਵਸ ਸੀ ਪਰ ਬੌਬੀ ਦਿਓਲ ਨੇ ਉਸ ਦੀ ਕਾਫ਼ੀ ਮਦਦ ਕੀਤੀ, ਜਿਸ ਦੀ ਵਜ੍ਹਾ ਕਰਕੇ ਉਹ ਸਭ ਕੁਝ ਏਨੀ ਖ਼ੂਬਸੂਰਤੀ ਨਾਲ ਕਰ ਸਕੀ। 2016 ਵਿਚ ਤ੍ਰਿਧਾ ਨੇ ਸਟਾਰ ਪਲੱਸ ਦੀ ਲੜੀ 'ਦਹਿਲੀਜ਼' (2016) ਵਿਚ ਆਪਣਾ ਟੈਲੀਵਿਜ਼ਨ ਡੈਬਿਊ ਕੀਤਾ ਜਿਸ ਦਾ ਪ੍ਰੀਮੀਅਰ 14 ਮਾਰਚ 2016 ਨੂੰ ਹੋਇਆ ਸੀ। ਵੈੱਬ ਸੀਰੀਜ਼ 'ਆਸ਼ਰਮ' ਤੋਂ ਬਾਅਦ ਹੁਣ ਤ੍ਰਿਧਾ ਚੌਧਰੀ ਦਾ ਨੋਟਿਸ ਲਿਆ ਜਾਣ ਲੱਗਿਆ ਹੈ। 'ਆਸ਼ਰਮ' ਤੋਂ ਇਲਾਵਾ ਤ੍ਰਿਧਾ ਨੇ ਅਮੇਜ਼ਨ ਪ੍ਰਾਈਮ ਵੀਡੀਓ 'ਤੇ ਆਨ ਸਟ੍ਰੀਮ ਹੋਈ ਵੈੱਬ ਸੀਰੀਜ਼ 'ਬੰਦਿਸ਼ ਬੈਂਡਿਟਸ' ਵਿਚ ਵੀ ਕੰਮ ਕੀਤਾ ਸੀ। ਉਹ ਰਣਬੀਰ ਕਪੂਰ ਦੀ ਫ਼ਿਲਮ 'ਸ਼ਮਸ਼ੇਰਾ' ਵਿਚ ਵੀ ਨਜ਼ਰ ਆਈ ਸੀ। ਫ਼ਿਲਮ ਵਿਚ ਉਹ ਖ਼ੁਦ ਨੂੰ ਜ਼ਿਆਦਾ ਅਸਰਕਾਰਕ ਸਾਬਤ ਨਹੀਂ ਸੀ ਕਰ ਸਕੀ ਪਰ 'ਆਸ਼ਰਮ' ਵਿਚ ਬਬੀਤਾ ਦੀ ਭੂਮਿਕਾ ਨੇ ਤ੍ਰਿਧਾ ਚੌਧਰੀ ਨੂੰ ਰਾਤੋ-ਰਾਤ ਮਸ਼ਹੂਰ ਕਰ ਦਿੱਤਾ। ਯਕੀਨਨ ਹੀ ਇਸ ਜ਼ਰੀਏ ਉਸ ਨੇ ਗਲੈਮਰ ਦੀ ਦੁਨੀਆ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੈ। ਤ੍ਰਿਧਾ ਚੌਧਰੀ ਨੇ ਹਿੰਦੀ ਤੋਂ ਇਲਾਵਾ ਕੁਝ ਬੰਗਾਲੀ, ਤਾਮਿਲ ਅਤੇ ਤੇਲਗੂ ਫ਼ਿਲਮਾਂ ਵਿਚ ਵੀ ਕੰਮ ਕੀਤਾ ਹੈ।

## 'ਦਹਾੜ' 'ਚ ਪੁਲੀਸ ਅਫਸਰ ਦਾ ਕਿਰਦਾਰ ਨਿਭਾਏਗੀ ਸੋਨਾਕਸ਼ੀ



ਮੁੰਬਈ-ਬੌਲੀਵੁਡ ਅਦਾਕਾਰਾ ਸੋਨਾਕਸ਼ੀ ਸਿਨਹਾ ਆਉਣ ਵਾਲੀ ਕਰਾਈਮ-ਡਰਾਮਾ ਸੀਰੀਜ਼ 'ਦਹਾੜ' ਵਿਚ ਪੁਲੀਸ ਅਧਿਕਾਰੀ ਦੇ ਕਿਰਦਾਰ ਵਿਚ ਨਜ਼ਰ ਆਵੇਗੀ। ਇਸ ਸੀਰੀਜ਼ ਜ਼ਰੀਏ ਸੋਨਾਕਸ਼ੀ ਓਟੀਟੀ ਪਲੈਟਫਾਰਮ 'ਤੇ ਪਹਿਲੀ ਵਾਰ ਨਜ਼ਰ ਆਵੇਗੀ ਜਿਸ ਦਾ ਨਿਰਮਾਣ ਰੀਮਾ ਕਾਗਤੀ ਅਤੇ ਜ਼ੋਇਆ ਅਖਤਰ ਵਲੋਂ ਕੀਤਾ ਗਿਆ ਹੈ। ਇਸ ਸੀਰੀਜ਼ ਦਾ ਪਹਿਲਾਂ ਪ੍ਰੀਮੀਅਰ ਦਿ ਬਰਲਿਨ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿਚ ਹੋਇਆ ਸੀ। ਇਹ ਸੀਰੀਜ਼ ਪ੍ਰਾਈਮ ਵੀਡੀਓਜ਼ 'ਤੇ 12 ਮਈ ਤੋਂ ਦਿਖਾਈ ਜਾਵੇਗੀ। ਸੀਰੀਜ਼ ਦੇ ਅੱਠ ਐਪੀਸੋਡ ਹੋਣਗੇ ਜਿਸ ਵਿਚ ਸੋਨਾਕਸ਼ੀ ਸਬ-ਇੰਸਪੈਕਟਰ ਅੰਜਲੀ ਭਾਟੀ ਦਾ ਕਿਰਦਾਰ ਨਿਭਾਏਗੀ। ਇਸ ਸੀਰੀਜ਼ ਦੇ ਸ਼ੁਰੂ ਵਿਚ ਕਈ ਔਰਤਾਂ ਰਹੱਸਮਈ ਢੰਗ ਨਾਲ ਵੱਖ-ਵੱਖ ਜਨਤਕ ਪਖਾਨਿਆਂ ਵਿਚ ਮ੍ਰਿਤਕ ਮਿਲਦੀਆਂ ਹਨ। ਆਰੰਭਿਕ ਜਾਂਚ ਵਿੱਚ ਇਹ ਮੌਤਾਂ ਖੁਦਕੁਸ਼ੀਆਂ ਪ੍ਰਤੀਤ ਹੁੰਦੀਆਂ ਹਨ ਪਰ ਜਿਵੇਂ-ਜਿਵੇਂ ਮਾਮਲੇ ਸਾਹਮਣੇ ਆਉਂਦੇ ਹਨ, ਅੰਜਲੀ ਨੂੰ ਸ਼ੱਕ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਇਹ ਕੰਮ ਕਿਸੇ ਸੀਰੀਅਲ ਕਿਲਰ ਦਾ ਹੈ। ਇਸ ਸੀਰੀਜ਼ ਵਿੱਚ ਵਿਜੈ ਵਰਮਾ ਤੇ ਗੁਲਸ਼ਨ ਦੇਵਈਆ ਵੀ ਅਹਿਮ ਭੂਮਿਕਾਵਾਂ ਨਿਭਾਉਣਗੇ। ਇਸ ਸੀਰੀਜ਼ ਨੂੰ ਐੱਕਸੈੱਲ ਮੀਡੀਆ ਐਂਡ ਐਂਟਰਟੇਨਮੈਂਟ ਤੇ ਟਾਈਗਰ ਬੇਬੀ ਨੇ ਪ੍ਰੋਡਿਊਸ ਕੀਤਾ ਹੈ।



Filmy ਸਮਾਚਾਰ

ਬਾਲੀਵੁਡ ਮੁਲਾਕਾਤ

# ਮੈਂ ਸਿਰਫ਼ ਆਪਣੇ ਦਿਲ ਦੀ ਸੁਣਦੀ ਹਾਂ-ਆਲੀਆ ਭੱਟ



ਸਾਲ 2013 ਵਿਚ ਪ੍ਰਸਾਰਿਤ ਸ਼ੋਅ-'ਕਾਫੀ ਵਿਦ ਕਰਨ' ਵਿਚ ਆਲੀਆ ਭੱਟ ਨੇ ਵਰੁਣ ਧਵਨ ਅਤੇ ਸਿਧਾਰਥ ਮਲਹੋਤਰਾ ਨਾਲ ਬਤੌਰ ਮਹਿਮਾਨ ਕਲਾਕਾਰ ਹਿੱਸਾ ਲਿਆ ਸੀ। ਉਸ ਸ਼ੋਅ ਵਿਚ ਕਰਨ ਨੇ ਆਲੀਆ ਤੋਂ ਜਦੋਂ ਪੁੱਛਿਆ ਕਿ ਭਾਰਤ ਦੇ ਰਾਸ਼ਟਰਪਤੀ ਕੌਣ ਹਨ ? ਤਾਂ ਜਵਾਬ ਵਿਚ ਆਲੀਆ ਨੇ ਕਿਹਾ, 'ਪ੍ਰਿਥਵੀਰਾਜ ਚੌਹਾਨ'। ਉਦੋਂ ਤੋਂ ਆਲੀਆ ਬਾਰੇ ਤਰ੍ਹਾਂ-ਤਰ੍ਹਾਂ ਦੇ ਚੁਟਕਲੇ ਬਣਨ ਲੱਗੇ ਅਤੇ ਉਨ੍ਹਾਂ ਨੂੰ ਬੇਹੱਦ ਘੱਟ ਆਮ ਜਾਣਕਾਰੀ ਵਾਲੀ ਅਦਾਕਾਰਾ ਮੰਨ ਲਿਆ ਗਿਆ।' ਪਰ ਬਤੌਰ ਅਦਾਕਾਰਾ ਆਲੀਆ ਨੇ ਕਦੀ ਵੀ ਕਿਸੇ ਨੂੰ ਖ਼ੁਦ 'ਤੇ ਉਂਗਲੀ ਚੁੱਕਣ ਦਾ ਮੌਕਾ ਨਹੀਂ ਦਿੱਤਾ। ਉਹ ਇਕ ਤੋਂ ਵਧ ਕੇ ਇਕ ਫ਼ਿਲਮਾਂ ਚੁਣਦੀ ਗਈ ਅਤੇ 10 ਸਾਲ ਦੇ ਕਰੀਅਰ ਵਿਚ ਉਸ ਨੇ ਕਈ ਸਫਲ ਫ਼ਿਲਮਾਂ ਦਿੱਤੀਆਂ। 15 ਮਾਰਚ, 1993 ਨੂੰ ਮੁੰਬਈ ਵਿਚ ਪੈਦਾ ਹੋਈ ਆਲੀਆ ਭੱਟ ਸਿਰਫ 9 ਸਾਲ ਦੀ ਉਮਰ ਵਿਚ ਫਾਰੁਖ ਸ਼ੇਖ ਦੇ ਟੀ.ਵੀ. ਸ਼ੋਅ 'ਜੀਨਾ ਇਸੀ ਕਾ ਨਾਮ ਹੈ' ਦੇ 32ਵੇਂ ਐਪੀਸੋਡ ਵਿਚ ਮਹਿਮਾਨ ਆਲੀਆ ਦੇ ਪਿਤਾ ਮਹੇਸ਼ ਭੱਟ ਸਨ। ਆਲੀਆ ਉਸ ਸ਼ੋਅ ਵਿਚ ਪਹੁੰਚੀ ਸੀ। ਉਥੇ ਆਲੀਆ ਨੇ ਪਹਿਲੀ ਵਾਰ ਕਿਹਾ ਸੀ ਕਿ ਉਹ ਨਾਇਕਾ ਬਣਨਾ ਚਾਹੁੰਦੀ ਹੈ। ਆਲੀਆ ਭੱਟ ਨੇ 1999 ਦੀ ਫ਼ਿਲਮ 'ਸੰਘਰਸ਼' ਵਿਚ ਬਤੌਰ ਬਾਲ ਕਲਾਕਾਰ, ਪ੍ਰੀਟੀ ਜ਼ਿੰਟਾ ਦੇ ਬਚਪਨ ਦੀ ਭੂਮਿਕਾ ਕੀਤੀ ਸੀ। ਇਹ ਉਸ ਦੇ ਪਿਤਾ ਮਹੇਸ਼ ਭੱਟ ਦੇ ਪ੍ਰੋਡਕਸ਼ਨ ਹਾਊਸ ਦੀ ਫ਼ਿਲਮ ਸੀ। ਜਿਵੇਂ ਕਿ ਆਲੀਆ ਭੱਟ ਨੇ 'ਜੀਨਾ ਇਸੀ ਕਾ ਨਾਮ ਹੈ', ਸ਼ੋਅ ਵਿਚ ਕਿਹਾ ਸੀ ਕਿ ਉਹ ਨਾਇਕਾ ਬਣਨਾ ਚਾਹੁੰਦੀ ਹੈ, ਆਪਣੇ ਉਸੇ ਸੁਪਨੇ ਨੂੰ ਅੰਜਾਮ ਤੱਕ ਪੁਹੰਚਾਉਣ ਲਈ ਉਸ ਨੇ 12ਵੀਂ ਵਿਚ ਆਉਂਦੇ-ਆਉਂਦੇ ਪੜ੍ਹਾਈ ਛੱਡ ਦਿੱਤੀ ਅਤੇ ਫ਼ਿਲਮਾਂ ਵਿਚ ਕੰਮ ਕਰਨ ਦੀ ਕੋਸ਼ਿਸ਼ ਵਿਚ ਲਗ ਗਈ। ਆਲੀਆ ਭੱਟ ਨੂੰ ਭਾਵੇਂ ਭਾਈ-ਭਤੀਜਾਵਾਦ ਦੇ ਨਾਂਅ 'ਤੇ ਟ੍ਰੋਲ ਕੀਤਾ ਜਾਂਦਾ ਰਿਹਾ ਹੈ ਪਰ 19 ਸਾਲ ਦੀ ਉਮਰ ਵਿਚ ਉਸ ਨੂੰ ਪਹਿਲੀ ਫ਼ਿਲਮ 'ਸਟੂਡੈਂਟ ਆਫ਼ ਦ ਈਅਰ' ਆਡੀਸ਼ਨ ਜ਼ਰੀਏ ਹੀ ਮਿਲੀ ਸੀ। ਇਸ ਫ਼ਿਲਮ ਲਈ ਜਦੋਂ ਕਰਨ ਜੌਹਰ ਆਡੀਸ਼ਨ ਲੈ ਰਹੇ ਸਨ, ਆਲੀਆ ਸਕੂਲ ਵਰਦੀ ਵਿਚ ਹੀ ਆਡੀਸ਼ਨ ਦੇਣ ਪਹੁੰਚ ਗਈ ਅਤੇ ਇਸ ਤਰ੍ਹਾਂ ਉਹ ਕਰਨ ਦੀ ਸਟੂਡੈਂਟ ਬਣ ਗਈ। ਕਰੀਅਰ ਦੀ ਰਫ਼ਤਾਰ 'ਤੇ ਰਹਿੰਦੇ ਹੋਏ ਜਦੋਂ ਆਲੀਆ ਨੇ ਰਣਬੀਰ ਕਪੂਰ ਨਾਲ ਵਿਆਹ ਕਰਨ ਦਾ ਫ਼ੈਸਲਾ ਲਿਆ ਤਾਂ ਹਰ ਕਿਸੇ ਨੂੰ ਉਸ ਦੇ ਇਸ ਫ਼ੈਸਲੇ 'ਤੇ ਕਾਫੀ ਹੈਰਾਨੀ ਹੋਈ ਸੀ। ਦੋਵਾਂ ਨੂੰ ਪਹਿਲੀ ਵਾਰ ਫ਼ਿਲਮ 'ਐ ਦਿਲ ਹੈ ਮੁਸ਼ਕਿਲ' ਵਿਚ ਇਕੱਠਿਆਂ ਕੰਮ ਕਰਨ ਦਾ ਮੌਕਾ ਮਿਲਿਆ। ਰਣਬੀਰ ਫ਼ਿਲਮ ਦੀ ਮੁੱਖ ਭੂਮਿਕਾ ਵਿਚ ਸੀ ਜਦ ਕਿ ਆਲੀਆ ਨੇ ਬ੍ਰੇਕਅਪ ਗੀਤ ਵਿਚ ਕੈਮਿਓ ਕੀਤਾ ਸੀ। ਦੋਵਾਂ ਵਿਚਾਲੇ ਅਸਲ ਪਿਆਰ 'ਬ੍ਰਹਮਅਸਤਰ' ਦੇ ਸੈੱਟ ਤੋਂ ਸ਼ੁਰੂ ਹੋਇਆ। 2019 ਵਿਚ ਫ਼ਿਲਮਫੇਅਰ ਐਵਾਰਡ ਵਿਚ ਦੋਵਾਂ ਨੇ ਕਬੂਲਿਆ ਕਿ ਉਹ ਇਕ ਦੂਜੇ ਨੂੰ ਪਿਆਰ ਕਰਦੇ ਹਨ। ਜਦੋਂ ਆਲੀਆ ਨੂੰ ਫ਼ਿਲਮ 'ਰਾਜ਼ੀ' ਲਈ ਬੈਸਟ ਐਕਟਰੈੱਸ ਦਾ ਐਵਾਰਡ ਮਿਲਿਆ ਤਾਂ ਉਸ ਨੇ ਸਟੇਜ 'ਤੇ ਹੀ ਰਣਬੀਰ ਨੂੰ 'ਆਈ ਲਵ ਯੂ' ਕਹਿ ਦਿੱਤਾ ਸੀ। ਆਲੀਆ ਭੱਟ ਨੇ ਜਦੋਂ ਕਰੀਅਰ ਦੇ ਸਿਖਰ 'ਤੇ ਰਹਿੰਦੇ ਹੋਏ ਪਹਿਲਾਂ ਵਿਆਹ ਕੀਤਾ ਅਤੇ ਫਿਰ ਮਾਂ ਬਣੀ, ਉਦੋਂ ਉਸ ਦੇ ਇਸ ਫ਼ੈਸਲੇ ਤੋਂ ਹਰ ਕੋਈ ਹੈਰਾਨ ਰਹਿ ਗਿਆ ਸੀ। ਖ਼ਾਸ ਕਰਕੇ ਆਲੀਆ ਦੇ



ਪ੍ਰਸ਼ੰਸਕ ਕਾਫ਼ੀ ਜ਼ਿਆਦਾ ਨਿਰਾਸ਼ ਹੋਏ ਸਨ। ਉਨ੍ਹਾਂ ਨੂੰ ਲੱਗਿਆ ਸੀ ਕਿ ਉਹ ਹੁਣ ਸ਼ਾਇਦ ਕਪੂਰ ਪਰਿਵਾਰ ਦੀ ਇਸ ਨੂੰਹ ਨੂੰ ਫ਼ਿਲਮਾਂ ਵਿਚ ਨਹੀਂ ਦੇਖ ਸਕਣਗੇ। ਪਰ ਛੇਤੀ ਹੀ ਆਲੀਆ ਨੇ ਪ੍ਰਸ਼ੰਸਕਾਂ ਦੀ ਮਾਯੂਸੀ ਨੂੰ ਦੂਰ ਕਰਦੇ ਹੋਏ ਕਿਹਾ ਕਿ ਕੰਮ ਮੇਰੇ ਦਿਲੋ ਦਿਮਾਗ ਅਤੇ ਆਤਮਾ ਨੂੰ ਜ਼ਿੰਦਾ ਰੱਖਦਾ ਹੈ। ਆਲੀਆ ਕਹਿੰਦੀ ਹੈ ਕਿ ਮੈਂ ਕਦੀ ਕਿਸੇ ਦੀ ਨਹੀਂ ਸੁਣਦੀ, ਮੈਂ ਸਿਰਫ਼ ਆਪਣੇ ਦਿਲ ਦੀ ਸੁਣਦੀ ਹਾਂ ਅਤੇ ਮੇਰਾ ਦਿਲ ਮੈਨੂੰ ਕਹਿ ਰਿਹਾ ਹੈ ਕਿ ਮੈਂ 100 ਸਾਲ ਤੱਕ ਫ਼ਿਲਮਾਂ ਕਰਦੀ ਰਹਾਂਗੀ।

ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key INSURANCE

Number 1 in the Community for 25 Years.

Explore Your Options



Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY | 5-8430 128TH ST. | MON-FRI | 8 AM - 8 PM |
| (604) 502 - 0441 | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| VANCOUVER | 4038 KNIGHT ST. | MON-FRI | 9 AM - 8 PM |
| (604) 325 - 1241 | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

ICBC autoplan

OPEN 7 DAYS

www.goldkeyinsurance.ca

# Rajan MANGOES

NOW AVAILABLE ONLY AT

**fruiticana**

SINCE 1994




fruiticana hee jaana!

## LOWEST PRICES IN TOWN

### EXTRA EXTRA SUPER SPECIAL

Available Only at Fruiticana **Rajan Haden or Ataulfo Mangoes 4 kg**

ਰਾਜਨ ਅੰਬ ਹੈਡਨ ਅਤੇ ਅਟੈਲਫੋ

**$15.99 box**

### EXTRA SUPER SUPER SPECIAL

**Roma & Round Tomatoes**

ਰੋਮਾ ਜਾਂ ਗੋਲ ਟਮਾਟਰ

**98¢ lb**

**Rooh Afza Indian 750 ml** ਰੂਹ ਅਫਜ਼ਾ **$3.99 bottle**

**Indican Assam Tea 216's** ਇੰਡੀਕੈਂਨ ਅਸਾਮ ਚਾਹ **$7.99 box**

**Almonds #1** ਬਦਾਮ **$3.98 lb**

**Golgappa (New Krunch) 260 g** ਗੋਲ-ਗੱਪੇ ਕਰੰਚ **$6.99 pkg.**

**Black Chana, Chana Dal & Red Lentil Whole Red Lentil Split 4 lbs (Indican)** ਕਾਲੇ ਛੋਲੇ, ਚਨੇ ਦੀ ਦਾਲ,ਮਸਰਾਂ ਦੀ ਸਾਬਤ ਦਾਲ,ਧੋਤੀ ਮਸਰਾਂ ਦੀ ਦਾਲ (ਇੰਡੀਕੈਨ) **$3.88 bag**

SUPER SPECIAL — **Red Onions 25 lbs** ਲਾਲ ਗੰਢੇ **$9.98 bag**

SUPER SPECIAL — **Long Eggplants** ਲੰਬੇ ਬਤਾਊਂ **99¢ lb**

SUPER SPECIAL — **Cilantro** ਧਨੀਆ **2 bunches for $1.50**

SUPER SPECIAL — **Long English Cucumbers** ਲੰਬੇ ਇੰਗਲਿਸ਼ ਖੀਰੇ **2 for $1.50**

SUPER SPECIAL — **Yellow Onions 50 lbs** ਪੀਲੇ ਗੰਢੇ **$13.98 bag**

SUPER SPECIAL — **Rapini (Sarson da Saag)** ਸਰਸੋਂ ਦਾ ਸਾਗ **$2.88 bunch**

**Russet Potatoes Snoboy 10 lbs USA #1** ਆਲੂ ਰਸਟ ਸਨੋਬੁਆਏ ਯੂ.ਐਸ. #੧ **$4.98 bag**

**Fresh Garlic** ਤਾਜ਼ਾ ਲਸਣ **98¢ lb**

**Large Seedless Oranges** ਵੱਡੇ ਸੰਤਰੇ ( ਬਿਨਾ ਬੀਜ ਤੋਂ ) **99¢ lb**

**Red Delicious Apples** ਲਾਲ ਸਵਾਦ ਸੇਬ **99¢ lb**

**Daikon (Moli)** ਮੂਲੀ **99¢ lb**

**Almond Oil 1 L (Indican)** ਇੰਡੀਕੈਂਨ ਬਦਾਮ ਦਾ ਤੇਲ **$12.99 bottle**

**Indiasay Brown Basmati Rice 8 lbs** ਇੰਡੀਆਸੇ ਬਰਾਊਨ ਰਾਈਸ **$9.99 bag**

**Green Cardamom (Elaichi) FG** ਹਰੀ ਇਲਾਇਚੀ ਐੱਫ ਜੀ **$13.99 lb**

**Maggi Masala Noodles 70 g** ਮੈਗੀ ਮਸਾਲਾ ਨੂਡਲਜ਼ **3 for $1.29**

**Tea India 216's** ਟੀ ਇੰਡੀਆ **$8.99 box**

**Sohna Saag 850 g** ਸੋਹਨਾ ਪਾਲਕ 850g **$2.99 can**

**Fri Apr 28, 2023 - Wed May 03, 2023**

We reserve the right to limit the quantities while they last

**Specials valid for Lower Mainland only**

Product images may differ from the actual product.

**22 LOCATIONS TO SERVE YOU**

Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS 9 AM - 8 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |